# ਮਨ ਦੇ ਬੂਹੇ ਬਾਰੀਆਂ

(ਗ਼ਜ਼ਲ ਸੰਗ੍ਰਹਿ)

---


## ਗੁਰਭਜਨ ਗਿੱਲ

logo and Imprint is owned by Unistar Books Pvt. Ltd.

*Copyright © 2004*

All rights reserved

**Man De Buhe Barian**

***Ghazals by***

**Gurbhajan Singh Gill**
113-F, Shaheed Bhagat Singh Nagar,
Ludhiana -141002.
Phone : 0161-2561999(R)

Edition : 2004
Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
Type Setting & Design PCIS, Chandigarh and
Printed at Savitar Press, Chandigarh Ph:0172-5075710

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਸੈਕਰਾਮੈਂਟੋ ਦੀ ਕੋਹੇਨੂਰ ਕਲਬ ਦੇ ਮੈਂਬਰਾਂ ਪ੍ਰਿੰਸੀਪਲ ਪ੍ਰੀਤਮ ਸਿੰਘ ਮੋਸਾਹਪੁਰੀਆ, ਡਾ. ਲਖਵਿੰਦਰ ਰੰਧਾਵਾ, ਪਰਮ ਰੰਧਾਵਾ, ਨਵਤੇਜ ਰਿਆੜ, ਬਲਦੇਵ ਰੰਧਾਵਾ ਅਤੇ ਚਰਨਜੀਤ ਨਿੱਝਰ ਦੀ ਨਿਰਛਲ ਮੁਹਬਤ ਦੇ ਨਾਂ

**ਇਸੇ ਕਲਮ ਤੋਂ:**

ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ) 1978, 1992
ਹਰ ਧੁਖਦਾ ਪਿੰਡ ਮੇਰਾ ਹੈ (ਗਜ਼ਲਾਂ) 1985,2000
ਸੁਰਖ਼ ਸਮੁੰਦਰ (ਪਹਿਲੀਆਂ ਦੋ ਪੁਸਤਕਾਂ ਇਕ ਜਿਲਦ ਵਿੱਚ)1992, 1996,2000
ਦੋ ਹਰਫ਼ ਰਸੀਦੀ (ਗ਼ਜ਼ਲਾਂ) 1996, 2000
ਅਗਨ ਕਥਾ (ਕਾਵਿ ਸੰਗ੍ਰਹਿ) 2000
ਕੈਮਰੇ ਦੀ ਅੱਖ ਬੋਲਦੀ (ਸਚਿੱਤਰ ਵਾਰਤਕ ਪੁਸਤਕ) 2000

ਸੋਗ 'ਚ ਡੁੱਬੀ ਪੌਣ ਹੈ ਜਾਂ ਫਿਰ ਖਬਰੇ ਕੌਣ ਹੈ,
ਅੱਧੀ ਰਾਤੀਂ ਖੜਕਦੇ **ਮਨ ਦੇ ਬੂਹੇ ਬਾਰੀਆਂ।**

## ਤਤਕਰਾ


- *.ਗ਼ਜ਼ਲ ਕਾਵਿ ਖੇਤਰ ਵਿਚ ਆਧੁਨਿਕ ਸੀਸੀਫ਼ਸ (ਡਾ. ਜਗਤਾਰ) 7*
- *.ਗ਼ਜ਼ਲ ਦਾ ਕੁਤਬਨੁਮਾ (ਸਰਦਾਰ ਪੰਛੀ) 12*

| | | | |
|---|---|---|---|
| ਕਾਫ਼ਲਿਆਂ ਦਾ ਸਾਥ ਭਲਾ ਕੀ | 17 | ਅੱਧੀ ਰਾਤੇ ਜਦ ਕੋਈ | 44 |
| ਇਕ ਬਦਲੋਟੀ ਤੁਰਦੀ ਜਾਂਦੀ | 18 | ਗਰਦ ਚੜ੍ਹੀ ਅਸਮਾਨੇ | 45 |
| ਖੁਦਕਸ਼ੀ ਹੀ ਖੁਦਕਸ਼ੀ | 19 | ਜੇਕਰ ਬਿਜਲੀ-ਘਰ ਦੇ ਨੇੜੇ | 46 |
| ਅੰਨ੍ਹੀ ਬੋਲੀ ਰਾਤ ਹਨੇਰੀ | 20 | ਅਖ਼ਬਾਰਾਂ 'ਚ ਰੋਜ਼ਾਨਾ | 47 |
| ਵਗਦਾ ਦਰਿਆ ਓਸ ਕੰਢੇ | 21 | ਚੇਤੇ 'ਚੋਂ ਨਹੀਂ ਜਾਂਦੀ | 48 |
| ਸਿਖ਼ਰ ਦੁਪਹਿਰੇ ਕਾਂ-ਅੱਖ ਨਿਕਲੇ | 22 | ਹਾੜ੍ਹ ਮਹੀਨਾ ਸਿਖ਼ਰ ਦੁਪਹਿਰਾ | 49 |
| ਅੱਧੀ ਰਾਤੀਂ ਗੋਲੀ ਚੱਲੀ | 23 | ਯਤਨ ਕਰਾਂਗਾ ਮੱਥੇ ਵਿਚਲੀ | 50 |
| ਕਿਹੋ ਜਿਹਾ ਸ਼ਹਿਰ ਜਿੱਥੇ | 24 | ਅੰਗਾਂ ਦੇ ਵਿਚ ਵੜਦੀ ਜਾਵੇ | 51 |
| ਕੁਤਰਿਆ ਉਸ ਇਸ ਤਰ੍ਹਾਂ | 25 | ਜੰਗਲ ਦੇ ਵਿਚ ਸ਼ਾਮ ਪਈ | 52 |
| ਲਟ ਲਟ ਬਲਦੇ ਮੁਲਕ 'ਚ | 26 | ਜਿਨ੍ਹਾਂ ਦੇ ਪਿੰਡਿਆਂ ਨੇ ਪਾਏ | 53 |
| ਅੱਖਾਂ ਵਿਚ ਉਨੀਂਦਾ ਰੜਕੇ | 27 | ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ | 54 |
| ਇਸ ਦੋਸਤੀ ਦੀ ਮਹਿਕ ਤਾਂ | 28 | ਹੌਕਿਆਂ ਦੇ ਵਿਚ ਉਲਝ ਗਈ | 55 |
| ਜਿਨ੍ਹਾਂ ਜ਼ਿੰਦਗੀ ਗੁਜ਼ਾਰੀ | 29 | ਚਾਰ ਚੁਫੇਰੇ 'ਨੇਰ੍ਹ ਦਾ ਪਹਿਰਾ | 56 |
| ਮੀਲਾਂ ਦੇ ਵਿਚ ਫ਼ੈਲ ਗਈ ਹੈ | 30 | ਅੰਬਰ ਦੇ ਵਿਚ ਬਿਜਲੀ ਕੜਕੇ | 57 |
| ਕਰਕੇ ਜਿਨ੍ਹਾਂ ਨੂੰ ਯਾਦ ਮੈਂ | 31 | ਆਲ ਦੁਆਲੇ ਲਾਟਾਂ | 58 |
| ਬੇ-ਮੌਸਮ ਬਰਸਾਤ ਮਧੋਲੀ | 32 | ਹਵਾ ਵਿਚ ਉੱਡ ਰਿਹਾ ਸਾਂ | 59 |
| ਗੁਆਚੇ ਯਾਰ ਸਾਰੇ | 33 | ਤਪਦੇ ਥਲ਼ਾਂ ਦਾ ਪੈਂਡਾ | 60 |
| ਪੈੜਾਂ ਤੇ ਕੁਝ ਰਿਸ਼ਤੇ | 34 | ਹਰ ਹਾਦਿਸੇ ਨੂੰ ਜਿਹੜਾ | 61 |
| ਆਵਾਜ਼ ਮੇਰੀ ਪਰਤ ਕੇ | 35 | ਸਾਂਭ ਕੇ ਕਾਗ਼ਜ਼ ਕਿਤਾਬਾਂ | 62 |
| ਯਾਦਾਂ ਦੇ ਹਵਾਲੇ ਜਿੰਦ | 36 | ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ | 63 |
| ਜੂਨ ਜੁਲਾਈ ਸਿਰ ਤੇ ਬਲਦੀ | 37 | ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ | 64 |
| ਰੁਕ ਰੁਕ ਤੇਜ਼ ਹਵਾ ਨ ਚੱਲ | 38 | ਹਾਦਸਿਆਂ ਦੀ ਦੁਨੀਆਂ ਅੰਦਰ | 65 |
| ਹਰ ਸੀਸ ਤੇਗ ਹੇਠਾਂ | 39 | ਪਿੰਡ ਗਏ ਨੂੰ ਘੂਰਦੀਆਂ ਨੇ | 66 |
| ਬੜਾ ਚਿਰ ਜੀ ਲਿਆ ਮੈਂ | 40 | ਅਪਣੇ ਆਲ-ਦੁਆਲੇ ਤਣਿਆ | 67 |
| ਦਿਨ ਭਰ ਜਿਹੜੀ ਰਾਤ ਉਡੀਕਾਂ | 41 | ਬੰਦ ਕਮਰੇ ਵਿਚ ਬੈਠ ਪੜ੍ਹਾਂ | 68 |
| ਜੇ ਮੂੰਹੋਂ ਬੋਲਦੀ ਸ਼ੀਰੀਂ | 42 | ਗੋਲੀਆਂ ਵਿੰਨ੍ਹੇ ਜਿਸਮ ਕੂਕਦੇ | 69 |
| ਸਾਡੇ ਘਰ ਨੂੰ ਤੀਲੀ ਲਾ 'ਗੇ | 43 | ਉਹ ਜਿਸ ਤੋਂ ਸਾਰਾ ਆਲਮ | 70 |

| | | | |
|---|---|---|---|
| ਮੈਂ ਤੰਬੂ ਹੇਠ ਮਰ ਚੱਲਿਆਂ | 71 | ਦਿੱਲੀ ਦਿਲ ਤੋਂ ਦੂਰ ਖੜ੍ਹੀ ਹੈ | 104 |
| ਉਲਝ ਗਿਆ ਹੈ ਤਾਣਾ ਬਾਣਾ | 72 | ਗੁਆਚਾ ਫਿਰ ਰਿਹਾਂ ਦੱਸੋ | 105 |
| ਸੁਪਨ-ਪਰਿੰਦੇ | 73 | ਜ਼ਿੰਦਗੀ ਵਿਚ ਮੁਸ਼ਕਲਾਂ ਦੁਸ਼ਵਾਰੀਆਂ | 106 |
| ਹਰ ਪਾਸੇ ਹਥਿਆਰ ਬੇਲੀਆ | 74 | ਹਾਲ ਮੁਰੀਦਾਂ ਕਿਸ ਨੂੰ ਕਹੀਏ | 107 |
| ਅੱਜ ਚਾਰੇ ਪਾਸੇ ਹੋਣ | 75 | ਰੂਹ ਦੀ ਪਿਆਸ ਮਿਟਾਵਣ ਖ਼ਾਤਰ | 108 |
| ਇਨ੍ਹਾਂ ਨੇ ਫੁੱਲ ਬਣਕੇ ਮਹਿਕਣਾ ਸੀ | 76 | ਅੱਖਾਂ ਵਿਚ ਨੀਂਦਰਾਂ | 109 |
| ਜ਼ਾਲਮ ਦੇ ਅੱਗੇ ਨਾਂ ਅੜੀਏ | 77 | ਪੱਤਝੜ ਮਗਰੋਂ ਕੋਮਲ ਪੱਤਿਆਂ | 110 |
| ਆਪੋ ਆਪਣੀ ਚੁੱਪ ਤੋਂ ਡਰੀਏ। | 78 | ਬੜ੍ਹਕਾਂ ਤੋਂ ਜੇ ਡਰ ਜਾਓਗੇ | 111 |
| ਜਦ ਤੋਂ ਹੋਰ ਜ਼ਮਾਨੇ ਆਏ | 79 | ਹੱਸ ਨਾ ਸਕੀਏ ਰੋ ਨਾ ਹੋਵੇ | 112 |
| ਗਲੀਆਂ ਸੁੰਨ–ਮਸੁੰਨੀਆਂ | 80 | ਸੁਪਨਿਆਂ ਦੀ ਨੈਂ ਝਨਾਂ ਨੂੰ | 113 |
| ਨਾ ਉਹ ਆਰ ਦੇ ਰਹੇ | 81 | ਜ਼ਿੰਦਗੀ ਕਿਸ ਦੋਸ਼ ਬਦਲੇ | 114 |
| ਜੀਅ ਕਰਦੈ ਅਪਣੇ ਪਿੰਡ ਜਾ ਕੇ | 82 | ਬੁੱਕਲ ਵਿਚ ਸਮੋ ਲਿਆ ਭਾਵੇਂ | 115 |
| ਮੋਈਆਂ ਘੁੱਗੀਆਂ ਚੇਤੇ ਆਈਆਂ | 83 | ਕਰਦਾ ਜੇ ਤੂੰ ਫੁੱਲਾਂ ਨਾਲ ਪਿਆਰ | 116 |
| ਦੂਰ ਖੜ੍ਹਾ ਨਾ ਤੂੰ ਨਦੀ ਦੇ ਕਿਨਾਰਿਆਂ | 84 | ਖ਼ਬਰੇ ਕਿਹੜੇ ਗ਼ਮ ਨੇ ਖਾਧੇ | 117 |
| ਵੱਢਿਆ ਟੁੱਕਿਆ ਜਿਸਮ ਪਿਆ ਹੈ | 85 | ਕਦੇ ਸੁਪਨੇ ਵਿਚ ਕਦੇ ਜਾਗਦਿਆਂ | 118 |
| ਪੰਜ ਦਰਿਆ ਪੰਜਾਬ ਬਣ ਗਿਆ | 86 | ਪੌਣ ਜਿਵੇਂ ਤਿਰਹਾਈ ਹੋਵੇ | 119 |
| ਖੋਹ ਲਿਆ ਸੂਰਜ ਸੀ ਜਿਹੜਾ | 87 | ਸਿੱਧੇ ਰਾਹੀਂ ਤੁਰੇ ਜਾਂਦਿਆਂ | 120 |
| ਰੋਜ਼ ਸਵੇਰੇ ਘਰ ਵਿਚ ਆਉਂਦੀਆਂ | 88 | ਦਿਲ ਹੋਇਆ ਛਾਲੇ ਛਾਲੇ | 121 |
| ਰੁੱਖਾਂ ਨੂੰ ਆਰੀ ਫੇਰ ਨਾ | 89 | ਰਾਤੀਂ ਸੁਪਨੇ 'ਚ ਮੇਰੇ ਨਾਲ | 122 |
| ਰਿਸ਼ਤੇ ਨਾਤੇ ਗਏ ਗੁਆਚੇ | 90 | ਵਾਜ ਦਿਆਂਗਾ ਆਖੀਂ ਹਾਂ | 123 |
| ਦੂਰ ਗਿਆਂ ਜਦ ਰਾਤ ਪੈਣ ਤੇ | 91 | ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ | 124 |
| ਤੁਸੀਂ ਉਲਝਾ ਲਿਆ ਸਾਨੂੰ | 92 | ਬੈਚੇਨੀ ਵਿਚ ਤੜਫ਼ਦੇ | 125 |
| ਉਭੜ ਖਾਭੜ ਸੜਕਾਂ ਉੱਤੇ | 93 | ਭਟਕਣ ਪੱਲੇ ਪਾ ਬੈਠੇਂਗਾ | 126 |
| ਜਗ ਰਹੇ ਜੁਗਨੂੰ ਨੇ ਜਿਹੜੇ ਰਾਤ ਨੂੰ | 94 | ਮੀਂਹ ਨੇਰ੍ਹੀ ਨੇ ਮੂਧੇ ਕੀਤੇ | 127 |
| ਯਾਰੀ ਪਾਉਂਦੇ ਜੇ ਨਾ ਰੰਗਲੇ ਗੁਬਾਰਿਆਂ | 95 | ਉੱਚੇ ਪਰਬਤ ਵੇਖੋ ਸਬਜ਼ ਦਿਆਰ | 128 |
| ਬੰਦ ਕਰੋ ਦਰਵਾਜ਼ੇ ਸਾਰੇ | 96 | ਜਦੋਂ ਸੂਰਜ ਅਜੇ ਧਰਤੀ ਦੇ ਘਰ | 129 |
| ਵਗਦੀ ਹਨੇਰੀ ਬੁਝੀ ਦੀਵਿਆਂ ਦੀ ਪਾਲ | 97 | ਹਮਕਦਮ ਹੋਇਆ ਮੈਂ ਕਾਹਦਾ | 130 |
| ਰੱਤ ਭਰੇ ਵਗਦੇ ਦਰਿਆ | 98 | ਰੋਕੋ ਵਗਣੋਂ ਇਸ ਧਰਤੀ ਤੋਂ | 131 |
| ਅੱਖਾਂ 'ਚ ਉਨੀਂਦਰਾ ਤੇ ਦਿਲ ਸੁੰਨਸਾਨ ਹੈ | 99 | ਧੂੰਏ ਵਿਚ ਗੁਆਚ ਗਿਆ ਹੈ | 132 |
| ਸਿਰਾਂ ਤੇ ਰਾਤ ਹੈ ਕਾਲੀ ਭਰਾਓ | 100 | ਜਿਨ੍ਹਾਂ ਨੂੰ ਮੈਂ ਚੋਗ ਚੁਗਾਏ | 133 |
| ਵਗ ਰਹੀ ਠੰਢੀ ਹਵਾ ਹੈ | 101 | ਮੈਂ ਹਕੂਮਤ ਨੂੰ ਕਹਾਂਗਾ | 134 |
| ਉੱਪਰੋਂ ਲੰਘਣ ਕਾਫ਼ਲੇ | 102 | ਮੈਂ ਪੌਣ ਬੈਰਾਗਣ ਹਾਂ | 135 |
| ਘੁੰਮਣ ਘੇਰ ਜਹਾਨ ਦੇ | 103 | ਵਗਦੇ ਪਾਣੀ ਅੰਦਰ | 136 |




## ਗ਼ਜ਼ਲ ਕਾਵਿ ਖੇਤਰ ਵਿਚ ਆਧੁਨਿਕ ਸੀਸੀਫ਼ਸ

ਪ੍ਰਸਿੱਧ ਵਿਦਵਾਨ ਆਲੇ ਅਹਿਮਦ 'ਸਰੂਰ' ਦਾ ਇਕ ਸ਼ਿਅਰ ਹੈ:

ਗ਼ਜ਼ਲ ਮੇਂ ਜ਼ਾਤ ਭੀ ਹੈ ਔਰ ਕਾਇਨਾਤ ਭੀ ਹੈ,
ਤੁਮ੍ਹਾਰੀ ਬਾਤ ਭੀ ਹੈ ਔਰ ਹਮਾਰੀ ਬਾਤ ਭੀ ਹੈ।

ਜ਼ਾਤ ਤੋਂ ਕਾਇਨਾਤ ਤਕ ਫ਼ੈਲੇ ਦ੍ਰਿਸ਼ਟੀਕੋਣ ਦੀ ਉਦਾਹਰਣ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿਚ ਵੇਖੀ ਜਾ ਸਕਦੀ ਹੈ।

ਵਾਸਤਵ ਵਿਚ ਗੁਰਭਜਨ ਗਿੱਲ ਦੀ ਸ਼ਾਇਰੀ ਜਿਗਰ ਮੁਰਾਦਾਬਾਦੀ ਦੇ ਇਕ ਸ਼ਿਅਰ:-

ਇਕ ਲਫ਼ਜ਼ ਮੁਹੱਬਤ ਕਾ ਅਦਨਾ ਯੇਹ ਫ਼ਸਾਨਾ ਹੈ,
ਸਿਮਟੇ ਤੋ ਦਿਲੇ ਆਸ਼ਕ ਫ਼ੈਲੇ ਤੋ ਜ਼ਮਾਨਾ ਹੈ।

ਦਾ ਪੂਰਾ ਪੂਰਾ ਤਰਜਮਾਨ ਹੈ। ਕਿਉਂਕਿ ਫ਼ੈਲਣ ਤੇ ਸਿਮਟਣ ਦੀ ਪ੍ਰਕਿਰਿਆ ਹੀ ਕਿਸੇ ਸ਼ਾਇਰ ਨੂੰ ਆਤਮ ਤੋਂ ਅਨਾਤਮ ਨਾਲ ਜੋੜਦੀ ਹੈ ਅਤੇ ਆਤਮ ਤੋਂ ਅਨਾਤਮ ਨਾਲ ਜੁੜਨ ਦਾ ਰਿਸ਼ਤਾ ਹੀ ਸ਼ਾਇਰ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ। ਸਿਮਟਣ ਤੇ ਫ਼ੈਲਣ ਵਿਚ ਹੀ ਕਾਇਨਾਤ ਦੀ ਪ੍ਰਗਤੀ ਛੁਪੀ ਹੋਈ ਹੈ ਜਿਸ ਦੁਆਰਾ ਪਦਾਰਥਾਂ ਦੀ ਹੋਂਦ ਅਤੇ ਅਣਹੋਂਦ ਬਣਦੀ ਮਿਟਦੀ ਰਹਿੰਦੀ ਹੈ।

ਇਸ ਤੋਂ ਬਿਨਾਂ ਗੁਰਭਜਨ ਗਿੱਲ ਦੀ ਸ਼ਾਇਰੀ ਵਿਚ ਰਮਜ਼ੀਅਤ ਦਾ ਕਮਾਲ ਥਾਂ ਥਾਂ ਵਿਦਮਾਨ ਹੈ। ਇਸਦਾ ਇਕ ਦ੍ਰਿਸ਼ਟਾਂਤ ਵੇਖੋ:

ਡੇਰਾ ਬਾਬਾ ਨਾਨਕੋਂ ਕੋਠੇ ਚੜ੍ਹਕੇ ਜੋ ਦਿਸਣ
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।

ਇਸ ਸ਼ਿਅਰ ਵਿਚ ਰਮਜ਼ ਤੇ ਅਣਕਹੀ ਕਵਿਤਾ (unsaid poetry) ਦਾ ਕਮਾਲ ਹੀ ਨਹੀਂ ਛੁਪਿਆ ਹੋਇਆ, ਇਸਦੇ ਪਸੇਮੰਜ਼ਰ (background) ਵਿਚ ਅਸੀਮ ਅਰਥਚਾਰਕ ਸੰਸਾਰ ਵੀ ਹੈ। ਸ਼ਾਇਰ ਸੰਕੇਤ ਨਾਲ ਹੀ ਦੇਸ਼ ਦੀ ਵੰਡ ਕਾਰਨ ਸਾਡੇ ਨਾਲੋਂ ਅਲੱਗ ਕੀਤੀ ਗਈ ਧਰਤੀ, ਰਿਸ਼ਤਿਆਂ, ਧਾਰਮਿਕ ਅਕੀਦਿਆਂ ਤੇ ਮੁਹੱਬਤਾਂ ਵਲ ਇਸ਼ਾਰਾ ਕਰ ਜਾਂਦਾ ਹੈ।

ਇਸ ਤਰ੍ਹਾਂ ਉਸਦੀ ਸ਼ਾਇਰੀ ਰਮਜ਼ਾਂ ਦੀ ਕੈਮੋਫਲਾਜਿਕ (camouflagic) ਜੁਗਤ ਕਾਰਨ ਕਦੇ ਵੀ ਸਪਾਟ ਜਾਂ ਓਪਰੀ ਤੇ ਮਸਨੂਈ ਪ੍ਰਤੀਤ ਨਹੀਂ ਹੁੰਦੀ। ਜੇ ਉਹ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਜ਼ਿਕਰ ਕਰ ਦੇਂਦਾ ਤਾਂ ਇਹ ਸ਼ਿਅਰ ਅਸੀਮ ਅਰਥਾਂ ਦਾ ਸੁਆਮੀ

ਨਹੀਂ ਰਹਿਣਾ ਸੀ ਅਤੇ ਇਕ ਵਿਸ਼ੇਸ਼ ਸੰਪਰਦਾਇ (sect) ਤਕ ਸੀਮਤ ਹੋ ਜਾਣਾ ਸੀ। ਇਸ ਰਮਜ਼ੀਅਤ ਨੇ ਹੀ ਸਲਾਸਤ ਤੇ ਤੁਗ਼ਜ਼ਲ ਦਾ ਐਸਾ ਉਸਾਰ ਉਸਾਰਿਆ ਹੈ ਜੋ ਬੇਮਿਸਾਲ ਹੈ। ਸ਼ਾਇਦ ਅਜਿਹੀ ਪ੍ਰਗਟਾਅ ਵਿਧੀ ਨੂੰ ਹੀ ਗ਼ਾਲਿਬ ਨੇ 'ਸਾਦਗੀ-ਓ ਪੁਰਕਾਰੀ' ਦਾ ਕਮਾਲ ਕਿਹਾ ਹੈ। ਅਜਿਹੇ ਲੱਛਣਾਂ ਵਾਲੇ ਉਸਦੇ ਕੁਝ ਹੋਰ ਸ਼ਿਅਰ ਵੇਖੋ:

ਜਿਸਦੀ ਸ਼ੂਕਰ ਦਿੱਲੀ ਤਖ਼ਤ ਡਰਾਉਂਦੀ ਸੀ,
ਅੱਥਰਾ ਦਰਿਆ ਕਿਹੜੇ ਟਿੱਬਿਆਂ ਡੀਕ ਲਿਆ।

ਦਰਿਆ ਸ਼ਬਦ ਕਈ ਤਰ੍ਹਾਂ ਦਾ ਅਰਥਚਾਰਾ ਸੰਭਾਲੀ ਬੈਠਾ ਹੈ। ਇਹ ਦਰਿਆ ਗੁਰੂ ਤੇਗ ਬਹਾਦਰ ਤੋਂ ਲੈ ਕੇ ਸ਼ਹੀਦ ਭਗਤ ਸਿੰਘ ਤਕ, ਊਧਮ ਸਿੰਘ ਤੋਂ ਫ਼ਤਿਆਨਾ ਗ਼ਦਰੀ ਬਾਬਿਆਂ ਜਾਂ ਦੁੱਲੇ ਭੱਟੀ ਤਕ ਕੋਈ ਵੀ ਹੋ ਸਕਦਾ ਹੈ। 'ਦਰਿਆ' ਵਰਗੀ ਸ਼ਕਤੀਸ਼ਾਲੀ ਚੀਜ਼ ਨੂੰ 'ਟਿੱਬਿਆਂ' ਵਰਗੇ ਗੀਦੀ ਲੋਕਾਂ ਦਾ ਡੀਕ ਜਾਣਾ ਬਹੁਤ ਵੱਡਾ ਦੁਖਾਂਤ ਹੈ। ਇਹ ਸ਼ਿਅਰ ਪੰਜਾਬ ਦੀ ਖ਼ਤਮ ਹੋ ਰਹੀ ਮਰਦਾਨਗੀ ਬਾਰੇ ਰੁਦਨ ਵੀ ਕਿਹਾ ਜਾ ਸਕਦਾ ਹੈ ਅਤੇ ਦਿੱਲੀ ਦੇ ਦਿਨ-ਬ-ਦਿਨ ਵਧ ਰਹੇ ਦਬਦਬਾ ਤੇ ਚੌਧਰਾਹਟ (hegmony) ਦਾ ਦੁਖਾਂਤ ਵੀ ਕਿਹਾ ਜਾ ਸਕਦਾ ਹੈ। ਉਸਦਾ ਇਕ ਹੋਰ ਸ਼ਿਅਰ ਹੈ:

ਪੌਣ ਜਿਵੇਂ ਤ੍ਰਿਹਾਈ ਹੈ
ਪਾਣੀ ਪੀਵਣ ਆਈ ਹੈ।

ਇਹ ਅੱਤ ਦਾ ਸਾਧਾਰਨ ਸ਼ਿਅਰ ਹੈ ਪਰ ਇਸਦੇ ਅਰਥ ਬੜੇ ਹੀ ਗਹਿਰੇ ਹਨ। ਵਾਸਤਵ ਵਿਚ ਹਵਾ ਗੈਸਾਂ ਦਾ ਮਿਸ਼ਰਨ ਹੈ ਜਿਸ ਵਿਚ ਆਕਸੀਜਨ (oxygen) ਨਾਈਟਰੋਜਨ (nitrogen) ਤੋਂ ਬਿਨਾਂ ਪਾਣੀ ਦੇ ਵੀ ਵਾਸ਼ਪ ਹਨ। ਹਵਾ ਹੀ ਬ੍ਰਹਿਮੰਡ ਵਿਚ ਵਾਤਾਵਰਣ ਸਿਰਜਦੀ ਹੈ। ਹਵਾ ਤੇ ਪਾਣੀ ਦਾ ਮੇਲ ਮਹਿਬੂਬ ਤੇ ਪ੍ਰੀਤਮ ਦੇ ਮਿਲਾਪ ਦੇ ਵੀ ਪ੍ਰਤੀਕ ਕਹੇ ਜਾ ਸਕਦੇ ਹਨ। ਅਜਿਹੇ ਸਾਧਾਰਨ ਬਲਕਿ ਅੱਤ ਸਾਧਾਰਨ ਸ਼ਿਅਰ ਵਿਚ ਏਡੇ ਡੂੰਘੇ ਅਰਥ ਪੈਦਾ ਕਰਨੇ ਕੋਈ ਆਸਾਨ ਕੰਮ ਨਹੀਂ।

ਉਸਦਾ ਇਕ ਹੋਰ ਪ੍ਰਤੀਕਮਈ ਸ਼ਿਅਰ ਵੇਖੋ ਜੋ ਹਾਸ਼ੀਏ ਤੇ ਪਏ ਲੋਕਾਂ ਦੇ ਦੁਖਾਂਤ ਦੀ ਤਰਜਮਾਨੀ ਕਰ ਰਿਹਾ ਹੈ।

ਮੀਂਹ ਦਾ ਪਾਣੀ ਹੜ੍ਹ ਦਾ ਪਾਣੀ ਏਥੇ ਆਣ ਖਲੋਵੇ,
ਨੀਵੀਂ ਥਾਂ ਤੇ ਉੱਗੇ ਰੁੱਖ ਨੂੰ ਡਾਢੀ ਸਖ਼ਤ ਸਜ਼ਾ।

ਉਸਦੇ ਕੁਝ ਸਾਦੇ ਤੇ ਸਾਧਾਰਨ ਸ਼ਿਅਰਾਂ ਵਿਚ ਅਸਾਧਾਰਨਤਾ ਦਾ ਕਮਾਲ ਵੇਖੋ:

ਮੈਨੂੰ ਖਿੜਦੇ ਫੁੱਲ ਕਿਹਾ,
ਵੇਖ ਮੈਂ ਤੇਰਾ ਬਚਪਨ ਹਾਂ।
ਕਰਫ਼ਿਊ ਕੈਸਾ ਮਨਾਂ ਤੇ ਬਹਿ ਗਿਆ
ਡਰਦਿਆਂ ਨਿਕਲੇ ਨਾ ਬਾਹਰ ਚੀਕ ਵੀ।



ਉਸ ਦਿਨ ਪਿੱਛੋਂ ਅਗ ਦਾ ਸੇਕ ਹੈ ਮੇਰਾ ਪਿੰਡਾ ਸਾੜ ਰਿਹਾ,
ਜਿਸ ਦਿਨ ਦਾ ਮੈਂ ਇਸ ਵਿਚ ਸੜਦਾ ਸੁਰਖ਼ ਗੁਲਾਬ ਹੈ ਦੇਖ ਲਿਆ।

ਗੁਰਭਜਨ ਗਿੱਲ ਨੂੰ ਜਿੱਥੇ ਕਦਮ ਕਦਮ 'ਤੇ ਨਪੀੜੇ ਜਾ ਰਹੇ ਆਮ ਜਨਜੀਵਨ ਦਾ ਦੁੱਖ ਹੈ ਉਥੇ ਦੇਸ਼ ਦੀ ਵੰਡ ਦਾ ਵੀ ਬੜਾ ਦੁੱਖ ਹੈ, ਬਲਕਿ ਜ਼ਿਹਨੀ ਤੌਰ 'ਤੇ ਉਹ ਵੰਡ ਨੂੰ ਸਵੀਕਾਰਨ ਲਈ ਤਿਆਰ ਨਹੀਂ।

ਬਾਬਾ ਨਾਨਕ ਤੇ ਮਰਦਾਨਾ ਜੋਟੀਦਾਰ ਪੁਰਾਣੇ,
ਚੁਸਤ ਮਜੌਰਾਂ ਵੱਖਰੇ ਕੀਤੇ, ਬਾਣੀ ਅਤੇ ਰਬਾਬ।

ਸਤਲੁਜ ਤੇ ਰਾਵੀ ਵਿਚ ਡੁੱਬੀਆਂ ਹੇਕਾਂ, ਕੂਕਾਂ, ਚੀਕਾਂ,
ਹੰਝੂਆਂ ਨਾਲ ਬਿਆਸਾ ਭਰਿਆ, ਨੱਕੋ ਨਕ ਚਨਾਬ।

ਇਹ ਉੱਚੀ ਪੱਗ ਲੰਮੀ ਧੌਣ ਦੇ ਹੀ ਕਾਰਨੇ ਹੋਇਐ,
ਅਸਾਨੂੰ ਚੀਰਿਆ ਸ਼ੈਤਾਨ ਨੇ ਹੀ ਦੋ ਪੰਜਾਬਾਂ ਵਿਚ।

ਗੁੜ ਦੇ ਚੌਲ, ਨਿਆਜ਼ ਖਾਣ ਨੂੰ ਤਰਸੇ ਹਾਂ,
ਸਾਡੇ ਪਿੰਡ 'ਚੋਂ ਢਹਿ ਗਏ ਤਕੀਏ ਪੀਰਾਂ ਦੇ।

ਗੁਰਭਜਨ ਗਿੱਲ ਦੀ ਸ਼ਾਇਰੀ ਦੀ ਇਕ ਹੋਰ ਵਿਸ਼ੇਸ਼ਤਾ ਹੈ ਮਰ ਰਹੀਆਂ ਰਹੁ-ਰੀਤਾਂ, ਲੋਕ-ਕਾਵਿ ਮੁਹਾਵਰੇ, ਲੋਪ ਹੋ ਰਹੇ ਸ਼ਬਦ ਭੰਡਾਰ ਦੀ ਪੁਨਰ ਸੁਰਜੀਤੀ ਅਤੇ ਜੀਵਤ ਪ੍ਰੰਪਰਾਈ ਰੰਗਾਂ ਨੂੰ ਵਰਤਮਾਨਿਕ-ਮਾਹੌਲ ਨਾਲ ਜੋੜਨ ਦੀ ਕੋਸ਼ਿਸ਼। ਇਹ ਕੋਸ਼ਿਸ਼ ਹੀ ਉਸਦੇ ਗ਼ਜ਼ਲ ਕਾਵਿ ਨੂੰ ਪੰਜਾਬੀ ਦੇ ਕੁੱਲ ਗ਼ਜ਼ਲ ਕਾਵਿ ਤੋਂ ਵਖਰਿਆਉਂਦੀ ਹੈ। ਇਸਦੇ ਢੇਰਾਂ ਪ੍ਰਮਾਣ ਉਸਦੀਆਂ ਗ਼ਜ਼ਲਾਂ ਵਿਚੋਂ ਦਿੱਤੇ ਜਾ ਸਕਦੇ ਹਨ।

ਇਹ ਵਿਗਿਆਨਕ ਅਤੇ ਕਾਵਿਕ-ਸੱਚ ਹੈ ਕਿਸੇ ਕਿਸੇ ਗ਼ਜ਼ਲ ਦਾ ਮੁਕੱਦਰ ਹੀ ਅਜਿਹਾ ਹੁੰਦਾ ਹੈ ਕਿ ਉਸ ਵਿਚ ਭਰਤੀ ਦਾ ਕੋਈ ਸ਼ਿਅਰ ਨਾ ਹੋਵੇ। ਪਰ ਗੁਰਭਜਨ ਗਿੱਲ ਦੀਆਂ ਕੁਝ ਇਕ ਗ਼ਜ਼ਲਾਂ ਵਿਚ ਇਹ ਗੁਣ ਵੀ ਵਿਦਮਾਨ ਹੈ। ਇਕ ਪ੍ਰਮਾਣ ਵੇਖੋ:

ਯਤਨ ਕਰਾਂਗਾ ਮੱਥੇ ਵਿਚਲੀ, ਬਲਦੀ ਅੱਗ ਨੂੰ ਠਾਰ ਦਿਆਂ।
ਆਪਣੇ ਵਿਚਲਾ ਅੱਥਰਾ ਘੋੜਾ ਮਾਰ ਮਾਰ ਕੇ ਮਾਰ ਦਿਆਂ।

ਪੂਰੀ ਗ਼ਜ਼ਲ ਸਫ਼ਾ 50 ਤੇ ਪੜ੍ਹੋ। ਇਹ ਗ਼ਜ਼ਲ ਬੜੀ ਸਫ਼ਲ ਮਰੱਸਾ ਗ਼ਜ਼ਲ ਹੈ।

ਪਰ ਇਹ ਵੀ ਨਹੀਂ ਕਿ ਉਸਦੀ ਸਾਰੀ ਸ਼ਾਇਰੀ ਫ਼ਿਕਰ (concrn) ਦੀ ਸ਼ਾਇਰੀ ਹੈ। ਉਸਦੀ ਸ਼ਾਇਰੀ ਦਾ ਅਜਿਹਾ ਪ੍ਰਗਟਾਵਾ ਵੀ ਸਹਿਜੇ ਹੀ ਮਿਲ ਜਾਂਦਾ ਹੈ ਜੋ ਜ਼ਿਕਰ ਤਕ ਹੀ ਮਹਿਦੂਦ ਹੈ।

ਪਰ ਉਸਦੇ ਕੁਝ ਸ਼ਿਅਰ ਤਾਂ ਬੜੇ ਮਾਰਮਿਕ, ਅਭੁੱਲ ਤੇ ਅਮੁੱਲੇ ਹਨ। ਜਿਸ ਨੂੰ ਮੈਂ ਆਪਣੀ ਪਸੰਦ ਵੀ ਕਹਿ ਸਕਦਾ ਹਾਂ। ਜਿਵੇਂ:

ਅਰਸ਼ ਵਿਚ ਡਾਰ ਤਕ ਮੁਰਗ਼ਾਬੀਆਂ ਦੀ,
ਕੁਈ ਰੇਤੇ 'ਚ ਪੈੜਾਂ ਟੋਲਦਾ ਹੈ।

ਇਹ ਸੰਨਾਟਾ ਉਦਾਸੀ ਪੌਣ ਕਹਿਰੀ
ਦੋਹਾਂ ਦਾ ਰੂਪ ਮੇਰੇ ਘਰ ਜਿਹਾ ਸੀ।

ਜੇ ਤਪਦੇ ਥਲ 'ਚ ਸੂਰਜ ਵੀ ਨਾ ਹੁੰਦਾ
ਤੂੰ ਅਪਣੀ ਛਾਂ ਲਈ ਤਰਸਣਾ ਸੀ।

ਸੋਚਾਂ ਦੀ ਹਨੇਰੀ ਵਿਚ ਮੈਂ ਖਿੰਡ ਗਿਆਂ ਏਦਾਂ,
ਬੂਹੇ 'ਤੇ ਖੜੋਤਿਆਂ ਵੀ ਸੌ ਮੀਲ 'ਤੇ ਘਰ ਲੱਗੇ।

ਕਤਰਨ ਨੂੰ ਉਹ ਪਰ ਮੇਰੇ, ਫਿਰ ਲੈਕੇ ਤੇ ਆਏ ਨੇ,
ਕੈਂਚੀ ਵੀ ਉਹ ਜਿਸ ਨੂੰ ਕਿ ਸੋਨੇ ਦੇ ਨੇ ਪਰ ਲੱਗੇ।

ਗੁਰਭਜਨ ਗਿੱਲ ਨੇ ਗ਼ਜ਼ਲਾਂ ਦੇ ਰੂਪਕ ਪੱਖ ਬਾਰੇ ਵੀ ਕੁਝ ਤਜਰਬੇ ਕੀਤੇ ਹਨ। ਕਿਤੇ ਸੁਲਤਾਨ ਬਾਹੂ ਦੀ ਰਵਸ਼ ਅਖ਼ਤਿਆਰ ਕੀਤੀ ਹੈ ਤੇ ਕਿਤੇ ਪੀਲੂ ਦੀ। ਕਿਤੇ ਲੋਕ-ਕਾਵਿ ਦੀਆਂ ਧਾਰਨਾਂ ਸੁਰਜੀਤ ਕੀਤੀਆਂ ਹਨ ਤੇ ਕਿਤੇ ਕਬਿੱਤ ਦਾ ਛੰਦ ਅਪਣਾਇਆ ਹੈ।

ਇਕ ਫ਼ਾਰਸੀ ਵਿਦਵਾਨ ਨੇ ਕਿਹਾ ਸੀ ਕਿ ਜਿਸ ਸ਼ਾਇਰ ਕੋਲ ਪੇਂਡੂ ਪਿਛੋਕੜ ਨਹੀਂ ਉਸ ਕੋਲ ਪ੍ਰਗਟਾਅ ਵਿਧੀ ਅੰਦਰ ਸ਼ਬਦਾਂ ਦੀ ਸਦਾ ਥੁੜ ਰਹੇਗੀ। ਗੁਰਭਜਨ ਗਿੱਲ ਸਗਵਾਂ ਪੇਂਡੂ ਪਿਛੋਕੜ ਵਾਲਾ ਸ਼ਾਇਰ ਹੈ ਏਸੇ ਲਈ ਉਸ ਕੋਲ ਸੱਚੀ ਸੁੱਚੀ ਭਾਸ਼ਾ ਦਾ ਭੰਡਾਰਾ ਹੈ।

ਅੱਜ ਦੇ ਬਹੁਤੇ ਕਵੀ ਤੇ ਖਾਸ ਕਰਕੇ ਕਵਿਤ੍ਰੀਆਂ (ਗ਼ਜ਼ਲਗੋ) ਸਵੈ-ਤਰਸ ਦੇ ਭਾਗੀ ਬਣ ਕੇ ਲੋਕਾਂ/ਪਾਠਕਾਂ/ ਆਲੋਚਕਾਂ ਤੋਂ ਤਰਸ ਰਾਹੀਂ ਸਥਾਪਨਾ ਦੀ ਖ਼ੈਰਾਇਤ ਲੈਣਾ ਚਾਹੁੰਦੇ ਹਨ ਪਰ ਗੁਰਭਜਨ ਦੀ ਸ਼ਾਇਰੀ ਵਿਚ ਅਜਿਹੀ ਖ਼ੈਰ ਦੀ ਪ੍ਰਸੰਸਾ ਲੈਣ ਦੇ ਕਿਤੇ ਵੀ ਚਿੰਨ੍ਹ ਵਿਖਾਈ ਨਹੀਂ ਦਿੰਦੇ। ਬਲਕਿ ਉਹ ਨਿਰਾਸ਼ਾ ਦੇ ਹਨੇਰੇ ਵਿਚ ਸੂਰਜ ਵਾਂਗ ਮਘਦਾ ਹੈ:

ਇਸਨੂੰ ਵੇਖ ਉਦਾਸ ਨਹੀਂ ਹੈ ਜੂਨ ਮਹੀਨੇ ਕੇਸੂ,
ਸੂਹੇ ਸੂਰਜ ਹਰ ਟ੍ਹਾਣੀ 'ਤੇ ਪੱਤਰ ਟਾਵੇਂ ਟਾਵੇਂ।

ਮੈਂ ਤੇਰੇ ਤੋਂ ਕੁਝ ਨਈਂ ਮੰਗਦਾ, ਠੀਕਰੀਆਂ ਨਾ ਲੀਰਾਂ,
ਕਰ ਅਰਦਾਸ ਉਮਰ ਭਰ ਤੁਰੀਏ ਇਕ ਦੂਜੇ ਦੀ ਛਾਵੇਂ।



ਲਫ਼ਜ਼ਾਂ ਦੇ ਸੁਰ ਨੇ ਮਿਲਕੇ 'ਨ੍ਹੇਰੇ ਨੂੰ ਚੀਰਨਾ ਹੈ,
ਖ਼ਾਮੋਸ਼ੀਆਂ ਨੂੰ ਤੋੜੋ ਦਰਦੀਲੀ ਹੇਕ ਲਾ ਕੇ।

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਗ਼ਜ਼ਲ ਵਿਚ ਸਾਰੇ ਸਰੋਕਾਰ ਨਹੀਂ ਸਮੇਟੇ ਜਾ ਸਕਦੇ ਉਹਨਾਂ ਨੂੰ ਗੁਰਭਜਨ ਦੀ ਸ਼ਾਇਰੀ ਜ਼ਰੂਰ ਪੜ੍ਹਨੀ ਚਾਹੀਦੀ ਹੈ। ਪਿੰਡਾਂ ਵਿਚ ਆ ਰਹੇ ਬਦਲਾਉ ਤੋਂ ਲੈ ਕੇ ਸ਼ਹਿਰੀ ਲੋਕਾਂ ਦੀ ਤੋਤਾ ਚਸ਼ਮੀ ਤਕ, ਪਿਆਰ ਮੁਹੱਬਤ ਦੇ ਪਾਕ ਜਜ਼ਬੇ ਵਿਚ ਆ ਰਹੀ ਖੁਦਗ਼ਰਜ਼ੀ ਤੇ ਮਨਾਫ਼ਕਤ (hypocrisy) ਤੋਂ ਇਨਸਾਨੀ ਰਿਸ਼ਤਿਆਂ ਵਿਚ ਪੈ ਰਹੀਆਂ ਵਿੱਥਾਂ ਤਕ, ਪਦਾਰਥਾਂ ਦੇ ਮੰਡੀਕਰਨ ਤੋਂ ਲੈ ਕੇ ਇਕਲਾਪੇ ਦੀ ਕੁੰਠਾ ਤਕ, ਦੇਸ਼ ਦੀ ਵੰਡ ਦੇ ਦੁਖਾਂਤ ਦੇ ਸਰਾਪੇ ਪੰਜਾਬ ਦੇ ਸੰਤਾਪ ਤਕ ਤੇ ਹਾਸ਼ੀਏ ਤਕ ਸੀਮਤ ਲੋਕਾਂ ਦੇ ਸਰੋਕਾਰਾਂ ਦੀ ਅਭਿਵਿਅਕਤੀ ਸਹਿਜੇ ਹੀ ਉਸਦੀਆਂ ਗ਼ਜ਼ਲਾਂ ਵਿਚ ਵੇਖੀ ਜਾ ਸਕਦਾ ਹੈ। ਕੁਝ ਸ਼ਿਅਰ ਵੇਖੋ:

ਸੋਚਾਂ ਦੀ ਹਨੇਰੀ ਵਿਚ ਮੈਂ ਖਿੰਡ ਗਿਆਂ ਏਦਾਂ,
ਬੂਹੇ ਤੇ ਖੜੋਤਿਆਂ ਵੀ ਸੌ ਮੀਲ 'ਤੇ ਘਰ ਲੱਗੇ।

ਮੀਂਹ ਦਾ ਪਾਣੀ ਹੜ੍ਹ ਦਾ ਪਾਣੀ ਏਥੇ ਆਣ ਖਲੋਵੇ,
ਨੀਵੀਂ ਥਾਂ ਤੇ ਉੱਗੇ ਰੁੱਖ ਨੂੰ ਡਾਢੀ ਸਖ਼ਤ ਸਜ਼ਾ।

ਕੌਣ ਕਰੇ ਮਹਿਮਾਨ ਨਵਾਜ਼ੀ ਪਿੰਡ ਗਿਆਂ ਤੇ ਸਾਡੀ,
ਦੋਧੀ ਲੈ ਗਏ ਦੁੱਧ ਨਗਰ ਨੂੰ ਮਿੱਲਾਂ ਵਾਲੇ ਗੰਨੇ।

ਵਾਸਤਵ ਵਿਚ ਉਸਦੀਆਂ ਗ਼ਜ਼ਲਾਂ ਵਿਚ ਏਨੇ ਪਹਿਲੂ ਹਨ ਕਿ ਸਾਰਿਆਂ ਦਾ ਜ਼ਿਕਰ ਕਰਨਾ ਸੰਭਵ ਪ੍ਰਤੀਤ ਨਹੀਂ ਹੋ ਰਿਹਾ।

ਜੇ ਮੈਂ ਕੁਝ ਸ਼ਬਦਾਂ ਵਿਚ ਹੀ ਕਹਿਣਾ ਹੋਵੇ ਤਾਂ ਏਹੀ ਕਹਾਂਗਾ ਕਿ ਗੁਰਭਜਨ ਗਿੱਲ ਪੰਜਾਬੀ ਗ਼ਜ਼ਲ ਕਾਵਿ ਖੇਤਰ ਵਿਚ ਅਜਿਹਾ ਸੀਸੀਫ਼ਸ (sisyphus) ਹੋ ਜੋ ਸਮਕਾਲੀ ਗ਼ਜ਼ਲਗੋਆਂ ਦੇ ਡਿੱਗ ਰਹੇ ਗਰਾਫ਼ ਨੂੰ ਹਰ ਰੋਜ਼ ਇਕ ਸਿਖ਼ਰ ਤੇ ਲੈ ਜਾਂਦਾ ਹੈ, ਗਰਾਫ਼ ਰੋਜ਼ ਡਿੱਗਦਾ ਹੈ ਤੇ ਉਹ ਰੋਜ਼ ਸਿਖ਼ਰ ਤੇ ਲੈ ਜਾਂਦਾ ਹੈ। ਉਹ ਇਹ ਸਜ਼ਾ ਖਿੜੇ ਮੱਥੇ ਭੁਗਤ ਰਿਹਾ ਹੈ, ਸ਼ਾਇਦ ਇਹ ਸਿਲਸਿਲਾ ਉਦੋਂ ਤੱਕ ਜਾਰੀ ਰਹੇ ਜਦੋਂ ਤਕ ਕੋਈ ਹੋਰ ਸੀਸੀਫ਼ਸ (sisyphus) ਗੁਰਭਜਨ ਗਿੱਲ ਦੀ ਥਾਂ ਨਹੀਂ ਲੈ ਲੈਂਦਾ।

**ਕਹਿਕਸ਼ਾਂ** **ਜਗਤਾਰ (ਡਾ.)**
**ਕੈਂਟ ਰੋਡ, ਮਿੱਠਾਪੁਰ, ਜਲੰਧਰ**

## ਗ਼ਜ਼ਲ ਦਾ ਕੁਤਬਨੁਮਾ

ਗੁਰਭਜਨ ਗਿੱਲ ਦੇ ਇਸ ਗ਼ਜ਼ਲ ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਨੂੰ ਵਾਚਦਿਆਂ ਇਹ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਗ਼ਜ਼ਲ ਨੇ ਵਿਸ਼ੇ ਵਸਤੂ, ਸ਼ਿਲਪ, ਭਾਵਾਂ, ਭਾਸ਼ਾ ਅਤੇ ਨਿਭਾਅ ਦਾ ਧਿਆਨ ਰਖਦਿਆਂ ਮੰਜ਼ਿਲ ਵੱਲ ਸਾਰਥਿਕ ਕਦਮ ਪੁੱਟੇ ਹਨ। ਗੁਰਭਜਨ ਗਿੱਲ ਨੇ ਗਜ਼ਲ ਰੂਪੀ ਈਰਾਨੀ ਮੁਟਿਆਰ ਨੂੰ ਉਹਦੇ ਸਰੀਰ ਨਾਲ ਮੇਚ ਖਾਂਦੇ ਕਪੜੇ ਪੁਆਏ ਹਨ। ਸਲਵਾਰ ਕਮੀਜ਼ ਦੇ ਨਾਲ ਸਿਰ ਤੇ ਲੈਣ ਲਈ ਗੋਟੇ ਵਾਲੀ ਚੁੰਨੀ ਅਤੇ ਪੈਰਾਂ ਵਿਚ ਕਸੂਰੀ ਜੁੱਤੀ। ਉਸ ਨੇ ਉਸ ਮੁਟਿਆਰ ਨੂੰ ਇਹ ਆਖਣ ਦਾ ਮੌਕਾ ਨਹੀਂ ਦਿੱਤਾ ਕਿ 'ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ' ਸਗੋਂ ਉਸ ਦੇ ਪੈਰਾਂ ਦੀ ਬਨਾਵਟ ਨਾਲ ਢੁਕਦੀ ਸਾਈ ਦੀ ਜੁੱਤੀ ਸੁਆ ਦਿੱਤੀ ਹੈ ਅਤੇ ਉਸ ਦੇ ਪੈਰੀਂ ਪਾਉਣ ਤੋਂ ਪਹਿਲਾਂ ਉਸ ਜੁੱਤੀ ਨੂੰ ਖ਼ਾਲਿਸ ਸਰ੍ਹੋਂ ਦੇ ਤੇਲ ਨਾਲ ਚੋਪੜ ਵੀ ਦਿੱਤਾ ਹੈ ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਜੇਕਰ ਜੁੱਤੀ ਮਾੜੀ ਮੋਟੀ ਵੀ ਲੱਗਦੀ ਹੋਵੇ ਤਾਂ ਉਹ ਤੁਰਨ ਵਾਲੇ ਦੀ ਤੋਰ ਬਦਸੂਰਤ ਬਣਾ ਦਿੰਦੀ ਹੈ। ਇਸ ਤਰ੍ਹਾਂ ਗੁਰਭਜਨ ਗਿੱਲ ਨੇ ਖੁੰਮਖਾਨੇ ਦੀ ਜ਼ੀਨਤ ਨੂੰ ਭੱਤਾ ਲੈ ਕੇ ਪੈਲੀਆਂ ਵੱਲ ਜਾਣਾ ਵੀ ਸਿਖਾ ਦਿੱਤਾ ਹੈ।

ਗੁਰਭਜਨ ਗਿੱਲ ਦੀ ਗ਼ਜ਼ਲ ਸਿਰਫ਼ ਹੋਠਾਂ ਦੀ ਮੁਸਕਣੀ ਤੇ ਅੱਖਾਂ ਦੇ ਤੀਰਾਂ ਤੱਕ ਮਹਿਦੂਦ ਨਹੀਂ ਹੈ। ਧਰਤੀ ਤੋਂ ਆਕਾਸ਼ ਤੀਕ ਬਿਖਰੇ ਹੋਏ ਜ਼ਿੰਦਗੀ ਦੇ ਹਜ਼ਾਰਾਂ ਮਸਲਿਆਂ ਨੂੰ, ਧਰਤੀ ਨਾਲ ਜੁੜੇ ਮਨੁੱਖੀ ਸਵਾਲਾਂ ਨੂੰ, ਮੁਲਕਾਂ ਦੀ ਗੈਰ ਕੁਦਰਤੀ ਵੰਡ ਨੂੰ, ਪਾੜੂਆਂ ਦੇ ਦਿਨ ਬ ਦਿਨ ਭਾਰੇ ਹੁੰਦੇ ਜਾ ਰਹੇ ਬਸਤਿਆਂ ਨੂੰ, ਸਮਾਜ ਵਿਚ ਪਈ ਕਾਣੀ ਵੰਡ ਨੂੰ, ਸ਼ੋਸ਼ਣ ਅਤੇ ਜ਼ੁਲਮ ਜਬਰ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾਇਆ ਹੈ ਅਤੇ ਉਹ ਆਪਣੀ ਗੱਲ ਆਪਣੇ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋਇਆ ਹੈ।

ਦੇਸ਼ ਦੀ ਵੰਡ ਦੇ ਬਾਰੇ ਹੇਠ ਲਿਖੇ ਸ਼ੇਅਰ ਇਸ ਦੇ ਚਸ਼ਮਦੀਦ ਗਵਾਹ ਹਨ:

ਡੇਰਾ ਬਾਬਾ ਨਾਨਕੋਂ ਕੋਠੇ 'ਤੇ ਚੜ੍ਹ ਕੇ ਦਿਸਣ ਜੋ,  
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।

ਰਾਵੀ ਦੇ ਉਰਵਾਰ-ਪਾਰ ਦੁਖ-ਦਰਦਾਂ ਦਾ ਰੰਗ ਇਕੋ,  
ਜਿਸਮ ਚੀਰ ਕੇ ਮੁਲਕ ਬਣਾਏ ਭਾਵੇਂ ਇਕ ਤੋਂ ਦੋ।

ਸਾਡੇ ਪਿੰਡ ਦੇ ਚਿਹਰੇ ਤੇ ਉਦਰੇਵਾਂ ਆ ਕੇ ਬੈਠ ਗਿਆ,  
ਬੋਹੜਾਂ ਤੇ ਪਿੱਪਲਾਂ ਦੀ ਰੌਣਕ ਜਦ ਤੋਂ ਦਰਿਆ ਪਾਰ ਗਈ।



ਸ਼ਹਿਰੀ ਜੀਵਨ ਅਤੇ ਸਭਿਆਚਾਰ ਦਾ ਅਟੁੱਟ ਅੰਗ ਬਣ ਚੁੱਕੇ ਸ਼ਾਇਰ ਨੂੰ ਪਿੰਡ ਵਿਚ ਬਿਤਾਇਆ ਬਚਪਨ ਯਾਦ ਆਉਂਦਾ ਹੈ ਤਾਂ ਉਸ ਦੇ ਮਨ ਦੇ ਧੁਰ ਹੇਠੋਂ ਇਕ ਹੂਕ ਉਠਦੀ ਹੈ। ਉਹ ਲਿਖਦਾ ਹੈ:

ਪਿੰਡ ਜਾਕੇ ਇਸ ਤਰ੍ਹਾਂ ਮਹਿਸੂਸਦਾਂ,  
ਸ਼ਹਿਰ ਸਾਡੀ ਖਾ ਰਹੇ ਨੇ ਸਾਦਗੀ।

ਕੌਣ ਕਰਕੇ ਮਹਿਮਾਨ ਨਵਾਜ਼ੀ ਪਿੰਡ ਗਿਆਂ ਤੇ ਸਾਡੀ,  
ਦੋਧੀ ਲੈ ਗਏ ਦੁੱਧ ਨਗਰ ਨੂੰ ਮਿੱਲਾਂ ਵਾਲੇ ਗੰਨੇ।

ਤੇਜ਼ੀ ਨਾਲ ਬਦਲ ਰਹੀਆਂ ਸਮਾਜਿਕ ਕਦਰਾਂ ਕੀਮਤਾਂ ਨੇ ਗੁਰਭਜਨ ਗਿੱਲ ਦੇ ਅੰਦਰਲੇ ਨੂੰ ਨਸ਼ਤਰਾਂ ਚੁਭੋਈਆਂ ਹਨ। ਉਹਦੇ ਅੰਦਰਲੇ ਦਰਦ ਦਾ ਪ੍ਰਗਟਾਵਾ ਇਸ ਤਰ੍ਹਾਂ ਹੋਇਆ ਹੈ:

ਰਿਸ਼ਤੇ ਦੀ ਚਾਦਰ ਦੀਆਂ ਲੀਰਾਂ ਖਿਲਰ ਗਈਆਂ ਏਸ ਤਰ੍ਹਾਂ।  
ਚਾਰ ਕਦਮ ਨਾ ਤੁਰ ਕੇ ਰਾਜ਼ੀ ਸੱਕੀ ਭੈਣ ਭਰਾਵਾਂ ਨਾਲ।

ਕਰਕੇ ਜਿਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ ਰੋ ਲਿਆ।  
ਉਹਨਾਂ ਸਵੇਰੇ ਉਠਦਿਆਂ ਹੀ ਬੂਹਾ ਢੋ ਲਿਆ।

ਰਿਸ਼ਤੇ ਨਾਤੇ ਗਏ ਗੁਆਚੇ ਉੱਜੜ ਗਈਆਂ ਥਾਵਾਂ ਨਾਲ।  
ਬੇੜੀ ਦਾ ਕੀ ਸਾਕ ਰਹਿ ਗਿਆ ਸੁੱਕ ਗਏ ਦਰਿਆਵਾਂ ਨਾਲ।

ਸਮਾਜਿਕ ਅਨਿਆਂ, ਸ਼ੋਸ਼ਣ ਅਤੇ ਕਾਣੀ ਵੰਡ ਤੋਂ ਉਪਜੇ ਦੁਖਾਂਤ ਦਾ ਚਿਤਰਣ ਗ਼ਜ਼ਲ ਦੇ ਕਿਸੇ ਸ਼ੇਅਰ ਵਿਚ ਸਮੇਟਣਾ ਥੋੜਾ ਮੁਸ਼ਕਿਲ ਹੈ ਪਰ ਇਹ ਮੁਸ਼ਕਿਲ ਕੰਮ ਵੀ ਗੁਰਭਜਨ ਗਿੱਲ ਨੇ ਬਹੁਤ ਹੀ ਸੌਖੇ ਢੰਗ ਨਾਲ ਨੇਪਰੇ ਚਾੜ੍ਹ ਦਿੱਤਾ ਹੈ।

ਨੰਗ ਮੁਨੰਗੇ ਠੁਰ ਠੁਰ ਕਰਦੇ ਕੱਚੀਆਂ ਕੰਧਾਂ ਓਹਲੇ,  
ਇਹਨਾਂ ਹਿੱਸੇ ਆਉਂਦੀ ਅੱਗ ਹੈ ਕਿਹੜਾ ਸੇਕ ਰਿਹਾ।

ਪੱਥਰਾਂ ਦੀ ਬਰਸਾਤ 'ਚ ਟੁੱਟੇ ਸ਼ੀਸ਼ੇ ਵਰਗੇ ਸੁਪਨੇ ਸਭ,  
ਫਿਰ ਵੀ ਪੱਥਰ ਚਾਹੁੰਦੇ ਨੇ ਮੈਂ ਉਹਨਾਂ ਨੂੰ ਸਤਿਕਾਰ ਦਿਆਂ।

ਕੱਲ੍ਹ ਤਿਰਕਾਲੀਂ ਡੁੱਬਦਾ ਸੂਰਜ ਜਾਪ ਰਿਹਾ ਸੀ ਏਦਾਂ,  
ਜੀਕਣ ਸਾਮੀ ਘੇਰੀ ਹੋਵੇ ਮੇਰੇ ਪਿੰਡ ਦੇ ਸ਼ਾਹਵਾਂ।

ਕੋਈ ਵੀ ਬੰਦਾ ਸਮਾਜਿਕ ਅਨਿਆਂ, ਜਬਰ, ਜ਼ੁਲਮ ਅਤੇ ਸ਼ੋਸ਼ਣ ਦੇ ਖ਼ਿਲਾਫ਼ ਇਕੱਲਾ ਨਹੀਂ ਲੜ ਸਕਦਾ ਭਾਵੇਂ ਉਸ ਵਿਚ ਕਿੰਨਾ ਵੀ ਜੋਸ਼ ਕਿਉਂ ਨਾ ਹੋਵੇ। ਉਸ ਨੂੰ ਜੋਸ਼ ਦੇ ਨਾਲ

ਹੋਸ਼ ਦਾ ਸੁਮੇਲ ਕਰਨਾ ਪਏਗਾ। ਤਦ ਹੀ ਉਹ ਕਾਮਯਾਬੀ ਵੱਲ ਵਧ ਸਕਦਾ ਹੈ। ਇਹ ਗੱਲ ਹੇਠਲੇ ਸ਼ੇਅਰ ਵਿਚ ਬਹੁਤ ਖ਼ੂਬਸੂਰਤੀ ਤੇ ਉਸਾਰੂ ਢੰਗ ਨਾਲ ਕਹੀ ਗਈ ਹੈ:

ਇਕ ਇਕੱਲਾ ਕੁਝ ਨਹੀਂ ਹੁੰਦਾ ਨਾ ਏਧਰ ਨਾ ਓਧਰ ਦਾ,
ਮੱਥੇ ਨੂੰ ਵੀ ਤੁਰਨਾ ਪੈਂਦਾ ਇਕ ਜੁੱਟ ਹੋ ਕੇ ਬਾਹਵਾਂ ਨਾਲ।

ਅਤੇ ਉਸ ਦਾ ਵਿਸ਼ਵਾਸ ਹੈ ਕਿ ਚੰਗੇ ਤੇ ਕਲਿਆਣਕਾਰੀ ਵਿਚਾਰ ਦਬਾਇਆਂ ਦਬਦੇ ਨਹੀਂ, ਸਾੜਿਆਂ ਸੜਦੇ ਨਹੀਂ। ਆਪਣੇ ਰਾਹ ਤੋਂ ਹਟਦੇ ਨਹੀਂ:

ਬਲਦੀ ਕੇਵਲ ਮਿੱਟੀ ਹੈ ਜਾਂ ਲੱਕੜੀਆਂ,
ਮੜ੍ਹੀਆਂ ਅੰਦਰ ਸੜਦੇ ਨਹੀਂ ਵਿਚਾਰ ਕਦੇ।

ਹਾਲਾਂਕਿ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿਚ ਡਿੱਗੇ ਨੂੰ ਉਠਾਉਣ ਦੀ ਸਮਰੱਥਾ ਹੈ। ਹੌਸਲਾ ਢਾਹੀ ਬੈਠੇ ਨੂੰ ਉਠ ਕੇ ਜੂਝਣ ਦੀ ਪ੍ਰੇਰਨਾ ਦੇਣ ਦੀ ਸ਼ਕਤੀ ਹੈ ਪਰ ਉਹ ਇਸ ਸ਼ਕਤੀ ਨੂੰ ਭਰਮ ਆਖਦਾ ਹੈ। ਸ਼ਾਇਦ ਇਹਦੇ ਪਿਛੇ ਇਜਜ਼ ਦੀ ਭਾਵਨਾ ਹੋਵੇ। ਉਹ ਲਿਖਦਾ ਹੈ:

ਐਵੇਂ ਭਰਮ ਜਿਹਾ ਇਕ ਮਨ ਨੂੰ ਚੌਵੀ ਘੰਟੇ ਡੰਗਦਾ ਹੈ,
ਪੱਥਰਾਂ ਨੂੰ ਪਿਘਲਾ ਸਕਨਾਂ ਮੈਂ ਗ਼ਜ਼ਲਾਂ ਤੇ ਕਵਿਤਾਵਾਂ ਨਾਲ।

ਤੇਰੇ ਪੱਲੇ ਅੱਖਰਾਂ ਬਿਨ ਹੋਰ ਕੀ,
ਆਖਿਆ ਕਈ ਵਾਰ ਮੈਨੂੰ ਘਰਦਿਆਂ।

ਗੁਰਭਜਨ ਗਿੱਲ ਨੇ ਆਪਣੀਆਂ ਗ਼ਜ਼ਲਾਂ ਵਿਚ ਹੋਰਨਾਂ ਵਿਸ਼ਿਆਂ ਦੇ ਨਾਲ ਨਾਲ ਪਿਆਰ ਮੁਹੱਬਤ ਅਤੇ ਮਹਿਬੂਬ ਦੇ ਹੁਸਨ ਨੂੰ ਵੀ ਗ਼ਜ਼ਲਾਂ ਵਿਚ ਪੇਸ਼ ਕੀਤਾ ਹੈ। ਪਰ ਇਸ ਪਰੰਪਰਾਗਤ ਵਿਸ਼ੇ ਤੇ ਸ਼ੇਅਰ ਲਿਖਦਿਆਂ ਉਸ ਨੇ ਬੜੀ ਚੌਕਸੀ ਤੋਂ ਕੰਮ ਲਿਆ ਹੈ। ਸ਼ਾਇਦ ਇਹ ਇਹਤਿਆਤ ਉਹਦੀ ਸ਼ਖ਼ਸੀਅਤ ਦੀ ਹੀ ਤਰਜ਼ਮਾਨੀ ਕਰਦੀ ਹੈ। ਉਹ ਲਿਖਦਾ ਹੈ:

ਬੁੱਕਲ ਵਿਚ ਸਮੋ ਲਿਆ ਭਾਵੇਂ ਮੈਂ ਸਾਰਾ ਬ੍ਰਹਿਮੰਡ ਓ ਯਾਰ।
ਤੇਰੀ ਇਕ ਗਲਵੱਕੜੀ ਬਾਝੋਂ ਪੈਂਦੀ ਨਹੀਓਂ ਠੰਡ ਓ ਯਾਰ।

ਕਾਲੀ ਰਾਤ ਲਿਸ਼ਕਦੇ ਤਾਰੇ,
ਤੂੰ ਜਿਉਂ ਮਾਂਗ ਸਜਾਈ ਹੋਵੇ।

ਹਵਾ ਹੱਥ ਭੇਜੀਂ ਨਾ ਤੂੰ ਚੇਤਿਆਂ ਦੀ ਡਾਕ,
ਵਾਪਸੀ ਬੇਰੰਗ ਚਿੱਠੀ ਮੁੜੂ ਤੇਰੇ ਘਰੇ।

ਗੁਰਭਜਨ ਗਿੱਲ ਨੇ ਆਪਣੀਆਂ ਗ਼ਜ਼ਲਾਂ ਵਿਚ ਪੰਜਾਬੀ ਭਾਸ਼ਾ ਦਾ ਉਹ ਰੂਪ ਪੇਸ਼ ਕੀਤਾ ਹੈ ਜਿਸ ਤੇ ਹਰ ਪੰਜਾਬੀ ਪਿਆਰੇ ਨੂੰ ਮਾਣ ਕਰਨਾ ਚਾਹੀਦਾ ਹੈ। ਉਸ ਨੇ ਹਿੰਦੀ ਸੰਸਕ੍ਰਿਤ



ਨੁਮਾ ਪੰਜਾਬੀ ਭਾਸ਼ਾ ਦੀ ਥਾਂ ਪੰਜਾਬੀ ਦੀ ਮਿੱਟੀ ਨਾਲ ਜੁੜੀ ਹੋਈ ਮੁਹਾਵਰੇਦਾਰ ਭਾਸ਼ਾ ਦਾ ਇਸਤੇਮਾਲ ਕੀਤਾ ਹੈ। ਇਸ ਭਾਸ਼ਾ ਦੇ ਲਫ਼ਜ਼ ਅੰਗੂਰ ਦੇ ਦਾਣਿਆਂ ਵਰਗੇ ਕੋਮਲ ਹਨ। ਮੂੰਹ ਵਿਚ ਪਾਉਂਦਿਆਂ ਹੀ ਉਹਨਾਂ ਦਾਣਿਆਂ ਦੀ ਗੋਲਾਈ ਜੀਭ ਨਾਲ ਕਲੋਲ ਕਰਦੀ ਹੋਈ ਚੰਗੀ ਲੱਗਦੀ ਹੈ। ਫਿਰ ਦਾਣਾ ਚਿੱਥਣ ਤੋਂ ਬਾਅਦ ਉਹਦਾ ਪੂਰਾ ਸੁਆਦ ਮਨ ਆਤਮਾ ਨੂੰ ਹਲੂਣ ਦੇਂਦਾ ਹੈ। ਖਾਣ ਵਾਲਾ ਸਮਝ ਜਾਂਦਾ ਹੈ ਕਿ ਉਸ ਨੇ ਅੰਗੂਰ ਦਾ ਦਾਣਾ ਚੱਬਿਆ ਹੈ ਕੰਕਰ ਨਹੀਂ ਚੱਬਿਆ।

ਗੁਰਭਜਨ ਗਿੱਲ ਨੇ ਅਰਬੀ ਫਾਰਸੀ ਬਹਿਰਾਂ ਦੇ ਨਾਲ ਨਾਲ ਪੰਜਾਬੀ ਲੋਕ ਧੁਨਾਂ ਵਿਚੋਂ ਉਪਜੀਆਂ ਬਹਿਰਾਂ ਜਾਂ ਛੰਦਾਂ ਦਾ ਖੁੱਲ੍ਹ ਕੇ ਇਸਤੇਮਾਲ ਕੀਤਾ ਹੈ। ਉਸ ਨੇ ਕਈ ਗ਼ਜ਼ਲਾਂ ਗ਼ੈਰ ਮੁਰੱਦਫ਼ ਵੀ ਲਿਖੀਆਂ ਹਨ। ਇਕ ਗ਼ਜ਼ਲ ਦੀ ਰਦੀਫ਼ ਹੂ ਰੱਖੀ ਹੈ ਜੋ ਸੂਫ਼ੀ ਕਵੀ ਸੁਲਤਾਨ ਬਾਹੂ ਦੇ ਕਲਾਮ ਦੀ ਯਾਦ ਕਰਾਉਂਦੀ ਹੈ। ਇਸ ਰਦੀਫ਼ ਦਾ ਨਿਭਾਅ ਬਹੁਤ ਹੀ ਸੁਚੱਜੇ ਢੰਗ ਨਾਲ ਹੋਇਆ ਹੈ:

ਜੀ ਕਰਦੈ ਆਪਣੇ ਪਿੰਡ ਜਾ ਕੇ ਚੱਬਾਂ ਦੋਧਾ ਛੱਲੀਆਂ ਹੂ।
ਵਰ੍ਹਦੇ ਮੀਂਹ ਵਿਚ ਨੰਗਾ ਦੌੜਾਂ ਮਾਰਾਂ ਝੱਲ ਵਲੱਲੀਆਂ ਹੂ।
ਕੂੰਜਾਂ ਗਈਆਂ ਦੂਰ ਦੇਸ਼ ਨੂੰ ਬੱਚੇ ਦੇ ਕੇ ਮੁੜ ਆਈਆਂ ਨਾ,
ਖਾਲਮ ਖਾਲੀ ਆਲ੍ਹਣਿਆਂ ਵਿਚ ਚੁੱਪ ਨੇ ਟੱਲਮ ਟੱਲੀਆਂ ਹੂ।

ਗ਼ਜ਼ਲ ਦੇ ਹੁਸਨ ਨੂੰ ਚਾਰ ਚੰਨ ਲਾਉਣ ਵਾਸਤੇ ਖ਼ੂਬਸੂਰਤ ਮੁਹਾਵਰੇਦਾਰ ਮਿੱਠੀ ਭਾਸ਼ਾ ਦਾ ਇਸਤੇਮਾਲ ਕਰਨਾ ਜ਼ਰੂਰੀ ਹੈ। ਤਸ਼ਬੀਹਾਂ, ਕਨਾਏ, ਇਸਤਿਆਰੇ ਵੀ ਉਸ ਦੇ ਹੁਸਨ ਨੂੰ ਦਿਲਕਸ਼ ਬਣਾਉਂਦੇ ਅਤੇ ਚਾਰ ਚੰਨ ਲਾਉਂਦੇ ਹਨ। ਤਸ਼ਬੀਹ ਸ਼ੇਅਰ ਦਾ ਜ਼ੇਵਰ ਹੈ। ਜਿਸ ਤਰ੍ਹਾਂ ਕੋਈ ਮੁਟਿਆਰ ਢੁਕਵੀਂ ਪੌਸ਼ਾਕ ਨਾਲ ਜ਼ੇਵਰ ਪਾ ਕੇ ਹੂਰ ਪਰੀ ਲੱਗਣ ਲੱਗਦੀ ਹੈ ਉਸੇ ਤਰ੍ਹਾਂ ਤਸ਼ਬੀਹ ਅਤੇ ਇਸਤਆਰੇ ਸ਼ੇਅਰ ਦੇ ਹੁਸਨ ਨੂੰ ਦੋਬਾਲਾ ਕਰਦੇ ਹਨ। ਜਿਸ ਤਰ੍ਹਾਂ:

ਉੱਚੇ ਪਰਬਤ ਉੱਤੇ ਸਬਜ਼ ਦਿਆਰ ਖੜ੍ਹੇ।
ਸਾਵੀ ਵਰਦੀ ਪਾ ਕੇ ਪਹਿਰੇਦਾਰ ਖੜ੍ਹੇ।

ਨ੍ਹੇਰੇ ਦੇ ਵਿਚ ਜੰਮੇ ਜਾਏ ਕਿੱਸਰਾਂ ਸੱਚ ਪਛਾਨਣਗੇ,
ਸੂਰਜ ਵੱਲ ਮੂੰਹ ਕੀਤੇ ਬਿਨ ਤੁਰਦਾ ਨ ਪਰਛਾਵਾਂ ਨਾਲ।

ਠੋਕਰੋਂ ਬਚਾਉਂਦਾ ਤੇ ਸੰਭਾਲਦਾ ਹਾਂ ਹਰ ਵੇਲੇ,
ਸੁਪਨਾ ਨਾ ਟੁੱਟ ਜਾਏ ਕੱਚ ਦਾ ਸਮਾਨ ਹੈ।

ਖੋਹ ਲਿਆ ਸੂਰਜ ਸੀ ਜਿਹੜਾ ਰਾਤ ਨੇ,
ਮੋੜ ਦਿੱਤਾ ਦਿਨ ਚੜ੍ਹੇ ਪ੍ਰਭਾਤ ਨੇ।

**ਮਨ ਦੇ ਬੂਹੇ ਬਾਰੀਆਂ** ਵਿਚਲੀਆਂ ਗ਼ਜ਼ਲਾਂ ਪੜ੍ਹਦਿਆਂ ਜਦੋਂ ਕਿਤੇ ਊਣਤਾਈਆਂ ਚੁਭਦੀਆਂ ਹਨ ਤਾਂ ਜਾਪਦਾ ਹੈ ਮਿਸਰਾ ਬੇ-ਬਹਿਰ ਹੈ। ਪਰ ਜਦ ਫਿਰ ਉਸ ਵਿਚਲੇ ਸ਼ਬਦਾਂ ਨੂੰ ਕਿਸੇ ਹੋਰ ਉਚਾਰਣ ਨਾਲ ਪੜ੍ਹੀਏ ਤਾਂ ਲੱਗਦਾ ਹੈ ਕਿ ਮਿਸਰਾ ਵਜ਼ਨ ਤੋਲ ਵਿਚ ਪੂਰਾ ਹੈ। ਸ਼ਾਇਦ ਇਹ ਇਸ ਲਈ ਵੀ ਹੈ ਕਿ ਅਜੇ ਤਕ ਪੰਜਾਬੀ ਭਾਸ਼ਾ ਦੇ ਲਫ਼ਜ਼ਾਂ ਦਾ ਕੋਈ ਸਰਬ ਸੰਮਤ ਉਚਾਰਣ ਨਿਸ਼ਚਿਤ ਨਹੀਂ ਹੋ ਸਕਿਆ।

ਕਈ ਵਾਰੀ ਇੰਝ ਵੀ ਹੁੰਦਾ ਹੈ ਕਿ ਖ਼ਿਆਲ ਏਨਾ ਭਾਰਾ ਹੁੰਦਾ ਹੈ ਕਿ ਸ਼ਬਦਾਂ ਅਤੇ ਬਹਿਰ ਲਈ ਉਸ ਨੂੰ ਸੰਭਾਲਣਾ ਮੁਸ਼ਕਿਲ ਹੋ ਜਾਂਦਾ ਹੈ। ਉਸ ਵੇਲੇ ਗ਼ਜ਼ਲ ਦਾ ਫ਼ਨ ਸ਼ਾਇਰ ਦੀ ਮਦਦ ਕਰਦਾ ਹੈ ਅਤੇ ਉਹ ਆਇਆ ਅੜਿੱਕਾ ਦੂਰ ਕਰ ਲੈਂਦਾ ਹੈ।

ਕਈਆਂ ਗ਼ਜ਼ਲਾਂ ਵਿਚ ਫ਼ਸਾਹਤ ਅਤੇ ਬਲਾਗਤ ਦਾ ਉਹ ਪੱਧਰ ਨਹੀਂ, ਜੋ ਹੋਣਾ ਚਾਹੀਦਾ ਹੈ। ਹਾਂ ਕਈ ਸ਼ੇਅਰ ਐਸੇ ਹਨ ਜਿਹੜੇ ਇਸ ਕਮੀ ਨੂੰ ਪੂਰਾ ਕਰਦੇ ਹਨ।

ਕੁਲ ਮਿਲਾ ਕੇ **ਮਨ ਦੇ ਬੂਹੇ ਬਾਰੀਆਂ** ਵਿਚਲੀਆਂ ਗ਼ਜ਼ਲਾਂ ਚੰਗੀਆਂ ਹਨ। ਮੈਨੂੰ ਪੂਰਾ ਯਕੀਨ ਹੈ ਕਿ ਪੰਜਾਬੀ ਗ਼ਜ਼ਲ ਸੰਸਾਰ ਵਿਚ ਇਹਨਾਂ ਨੂੰ ਬਣਦਾ ਹੁੰਗਾਰਾ ਜ਼ਰੂਰ ਮਿਲੇਗਾ।

ਆਉਣ ਦੇ ਤਾਜ਼ਾ ਹਵਾ ਨੂੰ ਆਉਣ ਦੇ,
ਖੋਲ੍ਹਦੇ ਤੂੰ ਸਾਰੇ ਬੂਹੇ ਬਾਰੀਆਂ।

**ਨਸ਼ੇਮਨ,** **ਸਰਦਾਰ ਪੰਛੀ**
**ਪੰਜਾਬ ਮਾਤਾ ਨਗਰ, ਲੁਧਿਆਣਾ**



✪

ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ ਵਿਚ ਉੱਗੀਆਂ ਛਾਵਾਂ ਨਾਲ।
ਕਦਮ ਮਿਲਾ ਕੇ ਜਿਨ੍ਹਾਂ ਤੁਰਨਾ ਭਰ ਵਗਦੇ ਦਰਿਆਵਾਂ ਨਾਲ।

ਅੱਜ ਤੇਰੇ ਮੂੰਹ ਜੀਭ ਨਹੀਂ ਹੈ ਚਿਹਰਾ ਵੀ ਉਪਰਾਮ ਹੈ ਕਿਉਂ?
ਤੇਰੀ ਤਾਂ ਸੀ ਬਹਿਣੀ ਉੱਠਣੀ ਅੱਗ ਵਰ੍ਹੌਂਦੀਆਂ 'ਵਾਵਾਂ ਨਾਲ।

ਧਰਤ, ਸਮੁੰਦਰ, ਦਰਿਆ, ਸਹਿਰਾ, ਹੰਝੂਆਂ ਦਾ ਵੀ ਮੀਂਹ ਵਰ੍ਹਦੈ,
ਪੋਟਾ ਪੋਟਾ ਵਿੰਨ੍ਹਿਆ ਦਿਲ ਹੈ ਹਉਕੇ ਬਲਦੀਆਂ ਆਹਵਾਂ ਨਾਲ।

ਸ਼ੀਸ਼ੇ ਸਨਮੁਖ ਰੋਜ਼ ਖਲੋ ਕੇ ਮੇਰਾ ਬੁੱਤ ਘਬਰਾਉਂਦਾ ਹੈ,
ਆਪਣਾ ਆਪ ਪਕੜਨਾ ਚਾਹਵੇ ਥੱਕੀਆਂ ਥੱਕੀਆਂ ਬਾਹਵਾਂ ਨਾਲ।

ਦਿੱਲੀ ਦੱਖਣ ਗਾਹੁਣ ਮਗਰੋਂ ਘਰ ਵਿਚ ਆਣ ਖਲੋ ਜਾਈਏ,
ਛਾਵਾਂ ਖ਼ਾਤਰ ਜੁੜ ਜਾਂਦੇ ਹਾਂ ਨਿੱਕੀਆਂ ਨਿੱਕੀਆਂ ਥਾਵਾਂ ਨਾਲ।

ਮੰਜ਼ਿਲ ਤਾਂ ਸੀ ਟੇਢੀ ਮੇਢੀ ਉਂਞ ਵੀ ਸੀ ਵੀਰਾਨ ਜਹੀ,
ਐਵੇਂ ਯਾਰੋ ਪਰਚ ਗਏ ਆਂ ਸਿੱਧ-ਮ-ਸਿੱਧੀਆਂ ਰਾਹਵਾਂ ਨਾਲ।

ਰਾਤ, ਹਨੇਰੀ, ਗੜੇਮਾਰ ਤੇ ਬੱਦਲ, ਕਣੀਆਂ, ਤੇਜ਼ ਹਵਾ,
ਪੱਕੀਆਂ ਫ਼ਸਲਾਂ ਕੌਣ ਉਡੀਕੇ ਏਨੇ ਦੁਸ਼ਮਣ ਚਾਵਾਂ ਨਾਲ।

ਧਰਤੀ ਮਾਂ ਹੈ ਸੋਨ ਚਿੜੀ ਹੈ ਪਤਾ ਨਹੀਂ ਇਹ ਕੀ ਕੀ ਹੈ?
ਬੇਘਰ ਵਿਧਵਾ ਜਾਣੀ ਜਾਵੇ ਰੰਗ ਬਰੰਗੇ ਨਾਵਾਂ ਨਾਲ।

ਇਕ ਬਦਲੋਟੀ ਤੁਰਦੀ ਜਾਂਦੀ ਥਲ ਨੂੰ ਇਕ ਪਲ ਠਾਰ ਗਈ।
ਸਦੀਆਂ ਦੀ ਤੜਪਾਹਟ ਕੰਡਾ ਅਣਖਾਂ ਵਾਲਾ ਮਾਰ ਗਈ।

ਬੰਜਰ ਧਰਤੀ ਰੇਤਲ ਟਿੱਬੇ ਪੁੰਗਰਿਆ ਸੀ ਆਸ ਦਾ ਬੀਜ,
ਪਾਣੀ ਦੀ ਥਾਂ ਬਦਲੀ ਰਾਣੀ ਗੱਲੀਂ ਬਾਤੀਂ ਸਾਰ ਗਈ।

ਹਿੱਕ 'ਚ ਰਹਿ ਗਏ ਹਾਉਕੇ ਹਾਵੇ ਸੁੱਤੀਆਂ ਆਸਾਂ ਰਾਂਗਲੀਆਂ,
ਜਾਂਦੀ ਹੋਈ ਰਾਤ ਕੁਲਹਿਣੀ ਐਸਾ 'ਨੇਰ੍ਹ ਪਸਾਰ ਗਈ।

ਸਾਡੇ ਪਿੰਡ ਦੇ ਚਿਹਰੇ ‘ਤੇ ਉਦਰੇਵਾਂ ਆ ਕੇ ਬੈਠ ਗਿਆ,
ਬੋਹੜਾਂ ਤੇ ਪਿੱਪਲਾਂ ਦੀ ਰੌਣਕ ਜਦ ਤੋਂ ਦਰਿਆ ਪਾਰ ਗਈ।

ਸ਼ਹਿਰਾਂ ਵਾਲੀ ਅੱਗ ਨਾ ਕਿਧਰੇ ਸਾਡੀਆਂ ਜੂਹਾਂ ਘੇਰ ਲਵੇ,
ਡਰਦੀ ਮਾਰੀ ਉੱਡ ਕੇ ਏਥੋਂ ਏਸੇ ਲਈ ਹੈ ਡਾਰ ਗਈ।

ਰਣ-ਖੇਤਰ ਵਿਚ ਖ਼ੂਬ ਲੜੇ ਹਾਂ, ਅਤੇ ਲੜਾਂਗੇ ਵੀ ਆਪਾਂ,
ਹੋਇਆ ਕੀ ਜੇ ਬੇਹਥਿਆਰੀ ਧਿਰ ਸਾਡੀ ਫਿਰ ਹਾਰ ਗਈ।



ਖ਼ੁਦਕਸ਼ੀ ਹੀ ਖ਼ੁਦਕਸ਼ੀ ਬੱਸ ਖ਼ੁਦਕਸ਼ੀ।
ਕੌਣ ਪਾਗਲ ਚਾਹੇਗਾ ਇਹ ਜ਼ਿੰਦਗੀ।

ਚੌਂਕ ਦੇ ਬੁੱਤ ਅੱਖ ਨੀਵੀਂ ਕਰ ਲਈ,
ਨਿੱਤ ਦਿਹਾੜੀ ਵੇਖ ਸਾਡੀ ਬੁਜ਼ਦਿਲੀ।

ਤਾਰ ਉੱਤੇ ਤੁਰੇ ਰਹੇ ਹਾਂ ਰਾਤ ਦਿਨ,
ਕੋਹਾਂ ਲੰਮੀ ਮੌਤ ਵਰਗੀ ਜ਼ਿੰਦਗੀ।

ਭੀੜ ਦਾ ਹਿੱਸਾ ਬਣਾਂ ਤਾਂ ਜਾਪਦੈ,
ਬਣ ਗਿਆ ਹਾਂ ਆਪਣੇ ਘਰ ਅਜਨਬੀ।

ਪਿੰਡ ਜਾ ਕੇ ਇਸ ਤਰ੍ਹਾਂ ਮਹਿਸੂਸਦਾਂ,
ਸ਼ਹਿਰ ਸਾਡੀ ਖਾ ਰਹੇ ਨੇ ਸਾਦਗੀ।

ਜ਼ਿੰਦਗੀ ਅਖ਼ਬਾਰ ਤਾਂ ਨਹੀਂ ਦੋਸਤੋ,
ਵਾਚਦੇ ਹੋ ਏਸ ਨੂੰ ਵੀ ਸਰਸਰੀ।

ਅੰਨ੍ਹੀ ਬੋਲੀ ਰਾਤ ਹਨੇਰੀ ਰਹਿਣ ਦਿਉ।
ਕਾਲਖ਼ ਦੇ ਦਰਿਆ ਨੂੰ ਏਦਾਂ ਵਹਿਣ ਦਿਉ।

ਏਸ ਨਮੋਸ਼ੀ ਨੂੰ ਵੀ ਜੀਣਾ ਚਾਹੁੰਦਾ ਹਾਂ,
ਮੈਨੂੰ ਮੇਰਾ ਹਿੱਸਾ ਆਪੇ ਸਹਿਣ ਦਿਉ।

ਕਿੱਥੋਂ ਕਿੱਥੋਂ ਗਰਕਦਿਆਂ ਨੂੰ ਰੋਕੋਗੇ,
ਜੋ ਢਹਿੰਦਾ ਹੈ ਉਹਨੂੰ ਤਾਂ ਬੱਸ ਢਹਿਣ ਦਿਉ।

ਫ਼ਿਰ ਆਖੋਗੇ ਸਿਲ-ਪੱਥਰ ਹੈ ਕੂੰਦਾ ਨਹੀਂ,
ਮੈਨੂੰ ਅਪਣੀ ਦਰਦ-ਕਹਾਣੀ ਕਹਿਣ ਦਿਉ।

ਨਹਿਰਾਂ ਸੂਏ ਖਾਲ ਤੁਹਾਡੇ ਨੌਕਰ ਨੇ,
ਮੇਰਾ ਇਕ ਦਰਿਆ ਤਾਂ ਵਗਦਾ ਰਹਿਣ ਦਿਉ।

ਹੌਲੀ ਹੌਲੀ ਇਕ ਦਿਨ ਆਪੇ ਨਿੱਤਰੇਗਾ,
ਮਿੱਟੀ ਰੰਗੇ ਪਾਣੀ ਨੂੰ ਹੁਣ ਬਹਿਣ ਦਿਉ।

ਜਗਦਾ ਬੁਝਦਾ ਜੰਗਲ ਹੈ ਇਹ ਆਸਾਂ ਦਾ,
ਦਿਨ ਚੜ੍ਹਦੇ ਤਕ ਬਾਂਸਾਂ ਨੂੰ ਇੰਵ ਖਹਿਣ ਦਿਉ।



ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ ਯਾਦ ਨੇ।
ਬਚਪਨੇ ਵਿਚ ਜੋ ਉਸਾਰੇ ਕਾਗ਼ਜ਼ੀ ਘਰ ਯਾਦ ਨੇ।

ਇੱਕ ਦਰਿਆ ਪਾਰ ਕਰਕੇ ਦੂਸਰੇ ਕੰਢੇ ਖਲੋ,
ਪਰਤਦੇ ਯਾਰਾਂ ਦੀਆਂ ਅੱਖਾਂ ਤੇ ਅੱਥਰ ਯਾਦ ਨੇ।

ਚਰਖ਼ੜੀ ਤੇ ਰਾਤ ਦਿਨ ਬੇਸ਼ੱਕ ਅਸਾਡਾ ਬੀਤਿਆ,
ਨਿੱਕੇ ਨਿੱਕੇ ਚਾਅ ਕੁਆਰੇ ਹਾਲੇ ਤੀਕਰ ਯਾਦ ਨੇ।

ਪਹਿਲੇ ਖ਼ਤ ਤੋਂ ਬਾਅਦ ਭਾਵੇਂ ਤੂੰ ਕਦੇ ਲਿਖਿਆ ਨਹੀਂ,
ਉਹ ਪੁਰਾਣੇ ਜਗਦੇ ਬੁਝਦੇ ਸਾਰੇ ਅੱਖਰ ਯਾਦ ਨੇ।

ਦੋਸਤਾਂ ਦੇ ਕੀਮਤੀ ਤੋਹਫ਼ੇ ਮੈਂ ਕਿੱਦਾਂ ਭੁੱਲ ਜਾਂ,
ਤਾਅਨੇ, ਮਿਹਣੇ, ਤੁਹਮਤਾਂ ਸਾਰੇ ਹੀ ਨਸ਼ਤਰ ਯਾਦ ਨੇ।

ਸ਼ਹਿਰ ਦੇ ਜ਼ੰਗਾਲ ਨੇ ਰੂਹਾਂ ਨੂੰ ਭਾਵੇਂ ਖਾ ਲਿਆ,
ਛੋਲਿਆਂ ਦੇ ਖੇਤ ਨੂੰ ਚੁਗਦੇ ਕਬੂਤਰ ਯਾਦ ਨੇ।

ਡੇਰਾ ਬਾਬਾ ਨਾਨਕੋਂ ਕੋਠੇ ਤੇ ਚੜ੍ਹ ਕੇ ਦਿਸਣ ਜੋ,
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।

✪

ਸਿਖ਼ਰ ਦੁਪਹਿਰੇ ਕਾਂ-ਅੱਖ ਨਿਕਲੇ ਤੇ ਮੂੰਹ ਜ਼ੋਰ ਹਵਾਵਾਂ,
ਆਲ ਦੁਆਲੇ ਬਲਦਾ ਥਲ ਹੈ ਕਿੱਥੇ ਕਦਮ ਟਿਕਾਵਾਂ।

ਜਿਸਮ ਝੁਲਸਿਆ ਚਿੱਤ ਘਾਬਰਦਾ ਸਾਹ ਵੀ ਬੇ-ਇਤਬਾਰੇ,
ਤਪਦਿਆਂ ਤਾਈਂ ਠਾਰਦੀਆਂ ਨਾ ਹੁਣ ਰੁੱਖਾਂ ਦੀਆਂ ਛਾਵਾਂ।

ਇਹ ਵੀ ਇਕ ਇਤਫ਼ਾਕ ਸਮਝ ਲੈ ਯਾਰਾਂ ਦੀ ਮਸ਼ਹੂਰੀ,
ਅਪਣੇ ਵਲੋਂ ਖ਼ੁਰਾ-ਖੋਜ ਸੀ ਮੇਟ ਗਈਆਂ ਘਟਨਾਵਾਂ।

ਇਸ ਮਹਿਫ਼ਲ ਵਿਚ ਕੌਣ ਸੁਣੇਗਾ ਕੋਇਲਾਂ ਕੀ ਕੂ ਕੂ ਨੂੰ,
ਅੱਜ ਦੀ ਏਸ ਸੰਗੀਤ ਸਭਾ ਵਿਚ ਗੀਤ ਸੁਨਾਉਣੇ ਕਾਵਾਂ।

ਨਿੱਕੀਆਂ ਨਿੱਕੀਆਂ ਘਟਨਾਵਾਂ ਨੇ ਭੰਨਿਆ ਤੁੰਬਿਆ ਏਦਾਂ,
ਮੈਂ ਤਾਂ ਯਾਰੋ ਭੁੱਲ ਗਿਆ ਸਾਂ ਅਪਣਾ ਹੀ ਸਿਰਨਾਵਾਂ।

ਨਾ ਜੀਂਦੇ ਨਾ ਮੋਇਆਂ ਅੰਦਰ ਦੋ-ਚਿੱਤੀ ਨੇ ਘੇਰੇ,
ਕਿੱਥੇ ਤੀਕ ਪੁਚਾ ਛੱਡਿਆ ਏ ਨਿੱਕਿਆਂ ਨਿੱਕਿਆਂ ਚਾਵਾਂ।



✪

ਅੱਧੀ ਰਾਤੀਂ ਗੋਲੀ ਚੱਲੀ ਵਰਤ ਗਈ ਚੁੱਪ ਚਾਨ।
ਖ਼ਾਲੀ ਸੜਕਾਂ ਛਾਤੀ ਪਿੱਟਣ ਹਉਕੇ ਭਰਨ ਮਕਾਨ।

ਸਾਰੇ ਘਰ ਨੇਰ੍ਹੇ ਵਿਚ ਡੁੱਬੇ ਜਗਦਾ ਨਾ ਕੋਈ ਦੀਵਾ,
ਕੀਕਣ 'ਕੱਲਾ ਬਾਹਰ ਜਾਵਾਂ ਲੈ ਕੇ ਅਪਣੀ ਜਾਨ।

ਧਰਤੀ ਤੇ ਕੁਰਲਾਹਟ ਪਈ ਹੈ ਕੌਣ ਸੁਣੇ ਅਰਜ਼ੋਈ,
ਸਾਡੀਆਂ ਕਣਕਾਂ ਦਾ ਰਖ਼ਵਾਲਾ ਹੈ ਸਰਕਾਰੀ ਸਾਨ੍ਹ।

ਘੋੜ-ਸਵਾਰ ਬੰਦੂਕਾਂ ਵਾਲੇ ਮੱਲ ਖਲੋਤੇ ਬੂਹੇ,
ਅੰਦਰ ਬਾਹਰ ਲੈਣ ਤਲਾਸ਼ੀ ਅਣਸੱਦੇ ਮਹਿਮਾਨ।

ਉੱਚੀ ਕੰਧ ਨਾਲ ਟਕਰਾ ਕੇ ਸਾਡੀਆਂ ਕੂਕਾਂ ਮੁੜੀਆਂ,
ਕਿਲ੍ਹੇ ਦੇ ਅੰਦਰ ਗੂੰਜ ਰਿਹਾ ਸੀ ਅਪਣਾ ਕੌਮੀ ਗਾਨ।

ਡੁੱਲ੍ਹੇ ਖ਼ੂਨ ਦਾ ਲੇਖਾ ਜੋਖਾ ਕੌਣ ਕਰੇਗਾ ਯਾਰੋ,
ਕਲਮਾਂ ਦੇ ਵੱਲ ਘੂਰ ਰਿਹਾ ਏ ਚੁੱਪ ਕੀਤਾ ਆਸਮਾਨ।

✪

ਕਿਹੋ ਜਿਹਾ ਸ਼ਹਿਰ ਜਿੱਥੇ ਧੁੱਪ ਹੈ ਨਾ ਛਾਂ ਹੈ।
ਚੱਤੇ ਪਹਿਰ ਮੌਸਮਾਂ ਦਾ ਇੱਕੋ ਜਿਹਾ ਨਾਂ ਹੈ।

ਨਵੀਂ ਤਹਿਜ਼ੀਬ ਜਿਸ ਜਿਸ ਨੂੰ ਮਧੋਲਿਆ,
ਉਨ੍ਹਾਂ ਅੰਗ-ਮਾਰਿਆਂ 'ਚ ਮੇਰਾ ਵੀ ਗਿਰਾਂ ਹੈ।

ਗਲੀਆਂ ਮੁਹੱਲਿਆਂ ਨੂੰ ਸੱਪ ਕੇਹਾ ਸੁੰਘਿਆ,
ਰੌਣਕਾਂ ਗੁਆਚ ਗਈਆਂ ਫ਼ੈਲੀ ਚੁੱਪ-ਚਾਂ ਹੈ।

ਜ਼ਿੰਦਗੀ ਉਦਾਸ ਹੈ ਉਦਾਸ ਗੀਤ ਵਾਂਗਰਾਂ,
ਸੁਰਾਂ ਨਾਲ ਜ਼ੋਰ ਅਜ਼ਮਾਈ ਕਰੇ ਕਾਂ ਹੈ।

ਭੁੱਖ ਦੀ ਸਤਾਈ ਪਈ ਗੰਦਗੀ ਫ਼ਰੋਲਦੀ,
ਜਿਹਨੂੰ ਅਸੀਂ ਆਖਦੇ ਹਾਂ ਗਾਂ ਸਾਡੀ ਮਾਂ ਹੈ।



✪

ਕੁਤਰਿਆ ਉਸ ਇਸ ਤਰ੍ਹਾਂ ਸਾਡੇ ਪਰਾਂ ਨੂੰ।
ਮੁੜਨ ਜੋਗੇ ਨਾ ਰਹੇ ਆਪਣੇ ਘਰਾਂ ਨੂੰ।

ਤਾਣ ਚਾਦਰ ਸੌਂ ਗਿਆ ਏ ਸ਼ਹਿਰ ਸਾਰਾ,
ਸਾਂਭ ਕੇ ਸੰਕੋਚ ਕੇ ਮਨ ਦੇ ਡਰਾਂ ਨੂੰ।

ਕਹਿਰ ਦਾ ਅਹਿਸਾਸ ਪਹਿਲੀ ਵਾਰ ਹੋਇਆ,
ਪਾਲ ਵਿਚ ਗੁੰਮ ਸੁੰਮ ਖੜ੍ਹੇ ਪੱਕੇ ਘਰਾਂ ਨੂੰ।

ਪਿੰਡ ਜਾਗਣਗੇ ਸੰਭਾਲਣਗੇ ਵੀ ਮਿੱਟੀ,
ਮੁੜ ਉਸਾਰਨਗੇ ਉਹੀ ਢੱਠੇ ਘਰਾਂ ਨੂੰ।

ਕੌਣ ਕਿੱਥੇ ਹੈ ਖਲੋਤਾ ਨਾਲ ਕਿਸਦੇ,
ਫ਼ੈਸਲਾ ਸਮਿਆਂ ਨੇ ਕਰਨਾ ਆਖਰਾਂ ਨੂੰ।

ਲਟ ਲਟ ਬਲਦੇ ਮੁਲਕ 'ਚ ਨੱਚਦਾ ਇਹ ਕਿਸਰਾਂ ਦਾ ਮੋਰ।
ਹੱਡੀਆਂ ਦੀ ਮੁੱਠ ਜਿਸਮ ਹੋ ਗਿਆ ਫਿਰ ਵੀ ਬਾਂਕੀ ਤੋਰ।

ਸੌਣ ਛਰਾਟੇ ਵਰ੍ਹਨ ਦੇ ਪਿੱਛੋਂ ਵਗ ਪਈ ਤੇਜ਼ ਹਨੇਰੀ,
ਫ਼ਸਲਾਂ ਦਾ ਲੱਕ ਟੁੱਟਿਆ ਫਿਰ ਵੀ ਸਿਰ ਤੇ ਘਟ ਘਨਘੋਰ।

ਕੁਝ ਮੌਸਮ ਦੀ ਭੇਟ ਚੜ੍ਹ ਗਿਆ ਬਾਕੀ ਜੋ ਵੀ ਬਚਿਆ,
ਦਾਣਾ ਫੱਕਾ ਹੂੰਝ ਕੇ ਲੈ 'ਗੇ ਰਲ ਮੰਡੀਆਂ ਦੇ ਚੋਰ।

ਇਕ ਇਕੱਲੇ ਕਿਰਤੀ ਪੁੱਤ ਨੂੰ ਚੂੰਡਣ ਵਾਲੇ ਕਿੰਨੇ,
ਥਾਂ ਥਾਂ ਦਫ਼ਤਰ ਚੁੰਗੀਆਂ, ਠਾਣੇ, ਹਾਕਮ, ਵੱਢੀ ਖ਼ੋਰ।

ਦੋ ਡੰਗ ਵੀ ਨਹੀਂ ਮਿਲਦੀ ਜਿਸਨੂੰ ਢਿੱਡ ਭਰ ਰੱਜਵੀਂ ਰੋਟੀ,
ਉਹਦੀ ਅੱਖ ਵਿਚ ਕਿੱਥੋਂ ਆਵੇ ਜੀਵਨ ਦਾਤਾ ਲੋਰ।

ਅੰਬਰ ਦੇ ਵਿਚ ਤਰਦੀ ਹੋਈ ਕਦੇ ਵੀ ਡੁੱਬ ਸਕਦੀ ਹੈ
ਅਪਣੀ ਗੁੱਡੀ ਦੀ ਨਾ ਜਦ ਤਕ ਆਪ ਸੰਭਾਲੋ ਡੋਰ।



ਅੱਖਾਂ ਵਿਚ ਉਨੀਂਦਾ ਰੜਕੇ ਉਮਰਾਂ ਦੇ ਬਨਵਾਸਾਂ ਦਾ।
ਫੋੜਾ ਰਿਸਦਾ ਅੰਦਰ ਵੱਲ ਨੂੰ ਬੀਤ ਗਏ ਇਤਿਹਾਸਾਂ ਦਾ।

ਝੱਖੜ ਝਾਂਜਾ ਤੇਜ਼ ਹਨੇਰੀ ਅੱਗ ਬਲੇ ਪਈ ਜੰਗਲ ਵਿਚ,
ਫਿਰ ਵੀ ਬੂਟਾ ਪਾਲ ਰਿਹਾ ਹਾਂ ਰੰਗ ਬਰੰਗੀਆਂ ਆਸਾਂ ਦਾ।

ਅੱਜ ਮੇਰੇ ਨਕਸ਼ਾਂ ਤੇ ਲੀਕਾਂ ਪਾਉਣ ਵਾਲਿਉ ਸੋਚ ਲਵੋ,
ਸਮਾਂ ਆਉਣ ਤੇ ਕੌਣ ਚੁਕਾਊ ਲੇਖਾਂ ਪਈਆਂ ਲਾਸਾਂ ਦਾ।

ਜਿਹੜੇ ਫੁੱਲਾਂ ਤੇ ਰੰਗਾਂ ਦੇ ਸਿਰ ਤੇ ਧਰਤੀ ਮਾਣ ਕਰੇ,
ਉਨ੍ਹਾਂ ਨੂੰ ਅਗਨੀ ਵਿਚ ਸਾੜੇ ਮਾਲਕ ਕੁਝ ਸੁਆਸਾਂ ਦਾ।

ਅਪਣੇ ਪਿੰਡੇ ਸੂਈ ਦੀ ਵੀ ਚੋਭ ਨਹੀਂ ਜਰ ਸਕਦੇ ਜੋ,
ਚੇਤਾ ਅੱਜ ਕਰਾਵਣ ਓਹੀ ਜ਼ਖ਼ਮਾਂ ਦੇ ਅਹਿਸਾਸਾਂ ਦਾ।

ਜਿਸ ਨੇ ਮੇਰੇ ਵੱਸਦੇ ਪਿੰਡ ਨੂੰ ਮਿੱਟੀ ਵਿਚ ਮਿਲਾਇਆ ਹੈ,
ਉਹ ਹੀ ਅੱਜ ਬਿਠਾ ਕੇ ਮੈਨੂੰ ਸਬਕ ਦਏ ਧਰਵਾਸਾਂ ਦਾ।

✪

ਇਸ ਦੋਸਤੀ ਦੀ ਮਹਿਕ ਤਾਂ ਸਾਹਾਂ 'ਚ ਭਰ ਗਈ।
ਤੇਰਾ ਹੀ ਮਣਕਾ ਫੇਰਦੇ ਉਮਰਾ ਹੈ ਲੰਘ ਰਹੀ।

ਤੇਰੀ ਉਡੀਕ ਕਰਦਿਆਂ ਖੁਰਿਆ ਮੇਰਾ ਵਜੂਦ,
ਆ ਕੇ ਕਦੇ ਤਾਂ ਪੁੱਛ ਲੈ ਕਿੱਦਾਂ ਗੁਜ਼ਰ ਰਹੀ।

ਜੀਂਦੇ ਹੀ ਰਹਿਣਗੇ ਸਦਾ ਕੁਝ ਪਲ ਉਹ ਮਹਿਕਦੇ,
ਕੀ ਹੋ ਗਿਆ ਜੇ ਦੋਸਤੀ ਰੰਗੋਂ ਬਦਲ ਗਈ।

ਇਹ ਆਮ ਅੱਗ ਤੋਂ ਵਧ ਕੇ ਹੈ ਪਰਚੰਡ ਮੇਰੇ ਯਾਰ,
ਅਗਨੀ ਜੋ ਸਾਡੇ ਜ਼ਿਹਨ ਵਿਚ ਯਾਦਾਂ ਦੀ ਬਲ ਰਹੀ।

ਨਾਤੇ ਦੀ ਭੁੱਖ ਸਹਾਰਨੀ ਔਖੀ ਹੈ ਦੋਸਤਾ,
ਕਿੱਦਾਂ ਕਹਾਂ ਮੈਂ ਯਾਰ ਦੀ ਯਾਰੀ ਬਦਲ ਗਈ।



✪

ਜਿਨ੍ਹਾਂ ਜ਼ਿੰਦਗੀ ਗੁਜ਼ਾਰੀ ਵਾਵਰੋਲਿਆਂ ਦੇ ਵਾਂਗ।
ਉਨ੍ਹਾਂ ਫਿਰਨਾ ਏਂ ਸਦਾ ਕੱਖੋਂ ਹੌਲਿਆਂ ਦੇ ਵਾਂਗ।

ਜਦੋਂ ਸਹਿਕਦੇ ਸੀ ਚੁੱਪ ਦੀ ਆਵਾਜ਼ ਤਾਈਂ ਕੰਨ,
ਅਸੀਂ ਜ਼ਿੰਦਗੀ ਗੁਜ਼ਾਰੀ ਸਾਰੀ ਰੌਲਿਆਂ ਦੇ ਵਾਂਗ।

ਜਿਹੜੇ ਤਾਂਘਦੇ ਸੀ ਲੋਕ ਸਾਡੇ ਪਿੱਛੇ ਆਉਣ,
ਉਨ੍ਹਾਂ ਕੀਤਾ ਸਾਨੂੰ ਸਦਾ ਅਣਗੌਲਿਆਂ ਦੇ ਵਾਂਗ।

ਉਨ੍ਹਾਂ ਨਾਲ ਕੌਣ ਤੁਰੇ ਜਿਹੜੇ ਰਾਹਾਂ ਵਿਚੋਂ ਮੁੜੇ,
ਉਨ੍ਹਾਂ ਕੁਝ ਨਾ ਪਛਾਤਾ ਅੰਨ੍ਹੇ ਬੋਲਿਆਂ ਦੇ ਵਾਂਗ।

ਜਿਨ੍ਹਾਂ ਰੁੱਖਾਂ ਕੋਲ ਫ਼ਲ ਫੁੱਲ ਹਰੇ ਪੱਤ ਸਨ,
ਐਸਾ ਸੇਕਿਆ ਹਵਾ ਨੇ ਹੋਏ ਕੋਲਿਆਂ ਦੇ ਵਾਂਗ।

✪

ਮੀਲਾਂ ਦੇ ਵਿਚ ਫ਼ੈਲ ਗਈ ਹੈ ਕਾਲੇ ਰੁੱਖ ਦੀ ਛਾਂ।
ਸਾਰੇ ਚਿਹਰੇ ਭੁੱਲ ਗਏ ਨੇ ਆਪੋ ਅਪਣੇ ਨਾਂ।

ਮਾਨ ਸਰੋਵਰ ਖ਼ਾਲਮ ਖ਼ਾਲੀ ਲਾ 'ਗੇ ਹੰਸ ਉਡਾਰੀ,
ਉਨ੍ਹਾਂ ਥਾਵੇਂ ਮੋਤੀ ਚੁਗਦੇ ਕਾਲੇ ਚਿੱਟੇ ਕਾਂ।

ਅੰਨ੍ਹੀ ਬੋਲੀ ਰਾਤ 'ਚ ਜਗਦਾ ਦੂਰ ਦੁਰਾਡੇ ਦੀਵਾ,
ਇਹਨੂੰ ਅਪਣੇ ਘਰ ਲੈ ਆਵਾਂ ਚਿਰ ਦਾ ਸੋਚ ਰਿਹਾਂ।

ਇਹ ਜਰਨੈਲੀ ਸੜਕ ਸਲੇਟੀ ਕਬਰਾਂ ਦੇ ਵੱਲ ਜਾਂਦੀ,
ਸਿੱਧੇ ਰਾਹਾਂ ਨੂੰ ਲੱਭਦਾ ਮੈਂ ਕਿੱਥੇ ਪਹੁੰਚ ਗਿਆਂ।

ਆਦਮ ਬੋ ਆਦਮ ਬੋ ਕਰਦੇ ਫਿਰਨ ਸ਼ਿਕਾਰੀ ਏਥੇ,
ਖੇਤਾਂ ਤੇ ਮਲ੍ਹਿਆਂ ਦੀ ਥਾਵੇਂ ਫ਼ੋਲਣ ਸ਼ਹਿਰ ਗਿਰਾਂ।

ਫਿਰ ਕੀ ਹੋਇਆ ਜੇਕਰ ਮੇਰੀ ਰੇਤ ਉਡਾਈ ਪੌਣਾਂ,
ਕੁਝ ਚਿਰ ਪਹਿਲਾਂ ਭਰ ਵਗਦਾ ਦਰਿਆ ਵੀ ਮੈਂ ਹੀ ਸਾਂ।



✪

ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ ਰੋ ਲਿਆ।
ਉਨ੍ਹਾਂ ਸਵੇਰੇ ਉਠਦਿਆਂ ਬੂਹਾ ਹੀ ਢੋ ਲਿਆ।

ਇਹ ਉਮਰ ਜਿੰਨ੍ਹਾਂ ਵਾਸਤੇ ਰੱਖਣੀ ਸੀ ਰਾਖਵੀਂ,
ਉਨ੍ਹਾਂ ਨੇ ਸਾਡਾ ਰਾਤ ਦਿਨ ਹੁਣ ਤੋਂ ਹੀ ਖੋਹ ਲਿਆ।

ਦੁਸ਼ਮਣ ਤਾਂ ਹੈਣ ਦੁਸ਼ਮਣ ਯਾਰਾਂ ਨੂੰ ਕੀ ਕਹਾਂ,
ਸਾਰੇ ਦੇ ਸਾਰੇ ਸਾਜ਼ਿਸ਼ੀ ਸਭ ਨੂੰ ਹੈ ਟੋਹ ਲਿਆ।

ਜਿਸਨੂੰ ਮੈਂ ਲੱਭ ਰਿਹਾ ਸਾਂ ਜਿਸਮ ਆਪਣਾ ਢੱਕ ਕੇ,
ਰੌਲੇ 'ਚ ਕਿਸਨੇ ਮੈਥੋਂ ਮੇਰਾ ਚਿਹਰਾ ਖੋਹ ਲਿਆ।

ਵਗਦੀ ਹਵਾ ਦੇ ਕੰਨ ਵਿਚ ਖ਼ਵਰੇ ਤੂੰ ਕੀ ਕਿਹਾ,
ਮੈਨੂੰ ਲਿਪਟ ਗਈ ਜਦੋਂ ਮੈਂ ਤੇਰਾ ਨਾਂ ਲਿਆ।

ਕਾਹਦੇ ਗਿਲੇ ਸ਼ਿਕਾਇਤਾਂ ਜੇ ਨਾ ਮਿਲੇ ਤਾਂ ਕੀ,
ਏਨਾ ਬਹੁਤ ਹੈ ਦਰਦ ਦਾ ਮੈਂ ਗੀਤ ਛੋਹ ਲਿਆ।

✪

ਬੇ-ਮੌਸਮ ਬਰਸਾਤ ਮਧੋਲੀ ਫ਼ਸਲਾਂ ਦੀ ਖ਼ੁਸ਼ਬੋ।
ਸੜਕਾਂ ਉਤੇ ਚਹਿਲ ਪਹਿਲ ਹੈ ਦਰਦ ਨਾ ਜਾਣੇ ਕੋ।

ਦਰਿਆ ਦੇ ਵਿਚ ਪਾਣੀ ਚੜ੍ਹਿਆ ਪਾਰ ਕਿਸ ਤਰ੍ਹਾਂ ਜਾਵਾਂ,
ਕਾਫ਼ੀ ਚਿਰ ਦਾ ਸੋਚ ਰਿਹਾ ਹਾਂ ਉਰਲੇ ਪਾਰ ਖਲੋ।

ਅੱਖਾਂ ਵਿਚ ਪਥਰਾਏ ਹੰਝੂ ਮੌਸਮ ਦੀ ਕਿਰਪਾ ਹੈ,
ਨਾ ਜੀਂਦੇ ਨਾ ਮੋਇਆਂ ਅੰਦਰ ਨਾ ਸਕਦੇ ਹਾਂ ਰੋ।

ਮਿੱਟੀ ਵਿਚ ਗੁਆਚੇ ਸੁਪਨੇ ਖੰਭ ਖੁਹਾ ਲਏ ਰੀਝਾਂ,
ਕਿਹੜਾ ਵੈਦ ਪਛਾਣੇ ਮਰਜ਼ਾਂ ਮਿਲਦੀ ਨਾ ਕਣਸੋ।

ਕਾਲ ਕਲੂਟੀ ਰਾਤ ਹੈ ਸਿਰ ਤੇ ਟੋਏ ਟਿੱਬੇ ਰਾਹ,
ਸਫ਼ਰ ਕਰਦਿਆਂ ਨਾਲ ਜਗਾਉ ਅਪਣੀ ਅਪਣੀ ਲੋਅ।

ਤੜਕਸਾਰ ਇਕ ਅਣਦਿਸ ਚਿਹਰਾ ਕੰਨਾਂ ਵਿਚ ਕਹਿ ਜਾਵੇ,
ਖੋਲ੍ਹ ਦਿਉ ਹੁਣ ਉਮਰਾਂ ਤੋਂ ਨੇ ਬੰਦ ਪਏ ਦਰ ਜੋ।



✪

ਗੁਆਚੇ ਯਾਰ ਸਾਰੇ ਸ਼ਹਿਰ ਵਿਚ ਕਿਸ ਨੂੰ ਬੁਲਾਵਾਂਗਾ।
ਮੈਂ ਕਿਸਦੇ ਕੋਲ ਜਾ ਕੇ ਆਪਣੀ ਵਿਥਿਆ ਸੁਣਾਵਾਂਗਾ।

ਜੇ ਰਾਤਾਂ ਕਾਲੀਆਂ ਤੇ ਲੰਮੀਆਂ ਏਦਾਂ ਹੀ ਰਹੀਆਂ ਤਾਂ,
ਮੈਂ ਕੀਕਣ ਚਾਨਣੀ ਵਿਚ ਫ਼ਲਣ ਵਾਲਾ ਬਿਰਖ਼ ਲਾਵਾਂਗਾ।

ਮੈਂ ਬਚਪਨ ਵਿਚ ਕਦੀ ਜਦ ਬੰਟਿਆਂ 'ਤੇ ਚੋਟ ਲਾਉਂਦਾ ਸਾਂ,
ਨਹੀਂ ਸਾਂ ਜਾਣਦਾ ਏਦਾਂ ਹੀ ਮੈਂ ਵੀ ਤਿੜਕ ਜਾਵਾਂਗਾ।

ਮੈਂ ਸਾਰੀ ਰਾਤ ਅੱਥਰੇ ਸੁਪਨਿਆਂ ਨੂੰ ਟਾਲਦਾ ਰਹਿਨਾਂ,
ਪਤਾ ਹੈ ਸਾਂਭ ਕੇ ਇਨ੍ਹਾਂ ਨੂੰ ਮੈਂ ਤਾਂ ਬਿਖਰ ਜਾਵਾਂਗਾ।

ਤੁਸਾਂ ਐਵੇਂ ਹੀ ਤਾੜੀ ਮਾਰ ਕੇ ਨਾ ਗੱਲ ਗੁਆ ਦੇਣੀ,
ਜਦੋਂ ਮੈਂ ਆਪਣੇ ਮੱਥੇ 'ਚ ਖੁੱਭੇ ਕਿੱਲ ਗਿਣਾਵਾਂਗਾ।

ਗੁਆਚੇ ਚਿਹਰਿਓ ਆਓ ਤੁਹਾਨੂੰ ਘਰ ਨੂੰ ਲੈ ਚੱਲਾਂ,
ਨਹੀਂ ਤਾਂ ਆਪ ਵੀ ਮੈਂ ਰੌਲਿਆਂ ਵਿਚ ਗਰਕ ਜਾਵਾਂਗਾ।

✪

ਪੈੜਾਂ ਤੇ ਕੁਝ ਰਿਸ਼ਤੇ ਨਵੇਂ ਨਵੇਲੇ।
ਇਕਲਾਪੇ ਵਿਚ ਇਹੀਓ ਸਾਥ ਸੁਹੇਲੇ।

ਭਟਕ ਚੁਕੇ ਹਾਂ ਅਸੀਂ ਬੜਾ ਹੀ ਪਹਿਲਾਂ,
ਖਾਣ ਨੂੰ ਆਉਂਦੇ ਹੁਣ ਤਾਂ ਜੂਹਾਂ ਬੇਲੇ।

ਮੋਇਆਂ ਦਾ ਸਿੱਲ੍ਹਾ ਗ਼ਮ ਸਿਰ ਤੇ ਚੁੱਕ ਕੇ,
ਜਾਗਦਿਆਂ ਦੇ ਸੁਪਨੇ ਗਏ ਤਰੇਲੇ।

ਕਿਉਂ ਤੇਰੇ ਹੋਠਾਂ ’ਤੇ ਚੁੱਪ ਦਾ ਪਹਿਰਾ,
ਨਾਗ ਜ਼ਹਿਰੀਲਾ ਮੁਸਕਣੀਆਂ ਸੰਗ ਖੇਲ੍ਹੇ।

ਨਾ ਰੋ ਐਵੇਂ ਬੀਤ ਗਿਆ ਕਰ ਚੇਤੇ,
ਨਾ ਹੁਣ ਐਵੇਂ ਟੱਕਰਾਂ ਮਾਰ ਕੁਵੇਲੇ।



✪

ਆਵਾਜ਼ ਮੇਰੀ ਪਰਤ ਕੇ ਆਈ ਨਾ ਮੇਰੇ ਕੋਲ।
ਕਾਹਨੂੰ ਤੂੰ ਐਵੇਂ ਵੇਖਨੈਂ ਭੁੱਬਲ ਨੂੰ ਫ਼ੋਲ ਫ਼ੋਲ।

ਜਸ਼ਨਾਂ ’ਚ ਰੁੱਝੇ ਲੋਕ ਨੇ ਤੇ ਬਲ ਰਿਹਾ ਹਾਂ ਮੈਂ,
ਵਜਦੇ ਨਗਾਰੇ ਤੂਤੀਆਂ ਪਏ ਖੜਕਦੇ ਨੇ ਢੋਲ।

ਪੈਂਡੇ ਦੋਹਾਂ ਦੇ ਘਟਣ ਦੀ ਥਾਂ ਵਧ ਰਹੇ ਨੇ ਹੋਰ,
ਜਿੰਨਾ ਵੀ ਆਪਾਂ ਆ ਰਹੇ ਇਕ ਦੂਸਰੇ ਦੇ ਕੋਲ।

ਤੇਰੀ ਇਹ ਬਲਦੀ ਮੁਸਕਣੀ ਮੇਰੇ ਸਿਵੇ ਦੀ ਲਾਟ,
ਕੰਬਦੀ ਅਵਾਜ਼ ਵਾਂਗਰਾਂ ਕਿੱਦਾਂ ਰਹੀ ਹੈ ਡੋਲ।

ਕਿੰਨਾ ਅਜੀਬ ਹਾਦਿਸਾ ਕਿ ਮਰ ਗਿਆ ਹਾਂ ਮੈਂ
ਦੁਸ਼ਮਣ ਤਾਂ ਖ਼ਾਲੀ ਹੱਥ ਸੀ ਹਥਿਆਰ ਮੇਰੇ ਕੋਲ।

✪

ਯਾਦਾਂ ਦੇ ਹਵਾਲੇ ਜਿੰਦ ਕੀਤਿਆਂ ਨ ਸਰੇ।
ਕੌਣ ਜਾਂ ਬੇਗਾਨੇ ਗ਼ਮ-ਸਾਗਰਾਂ ’ਚ ਤਰੇ।

ਕਾਹਦਾ ਪਛਤਾਵਾ ਜੜ੍ਹੋਂ ਆਪ ਹੀ ਤਾਂ ਪੁੱਟੇ,
ਭਰਮਾਂ ਦੇ ਰੁੱਖ ਕਦੇ ਹੋਣੇ ਨਹੀਂ ਸੀ ਹਰੇ।

ਰੋਕ ਲੈ ਤੂੰ ਅੱਖਾਂ ਤੋਂ ਪਿਛਾਂਹ ਹੀ ਨਦੀ,
ਰੋੜ੍ਹ ਹੀ ਦੇਵੇ ਨਾ ਮੈਨੂੰ ਹਠ ਤੋਂ ਇਹ ਪਰੇ।

ਠੀਕ ਸੀ ਜੇ ਤੋੜ ਤੀਕ ਨਿਭ ਜਾਂਦੇ ਦੋਵੇਂ,
ਠੀਕ ਹੈ ਜੇ ਦੋਵੇਂ ਹੀ ਨਾ ਜਿੱਤੇ ਨਾ ਹਰੇ।

ਖੋਟ ਦੇ ਜ਼ਮਾਨੇ ਵਿਚ ਹੋਣੀ ਸੀ ਅਖ਼ੀਰ,
ਫਿਰਦੇ ਗੁਆਚੇ ਦੋਵੇਂ ਸਿੱਕੇ ਆਪਾਂ ਖਰੇ।

ਹਵਾ ਹੱਥ ਭੇਜੀਂ ਨਾ ਤੂੰ ਚੇਤਿਆਂ ਦੀ ਡਾਕ,
ਵਾਪਸੀ ਬੇਰੰਗ ਚਿੱਠੀ ਮੁੜੂ ਤੇਰੇ ਘਰੇ।



✪

ਜੂਨ ਜੁਲਾਈ ਸਿਰ ਤੇ ਬਲਦੀ।
ਰਾਹੀਆਂ ਦੀ ਕੋਈ ਪੇਸ਼ ਨ ਚਲਦੀ।

ਚੀਲਾਂ ਗਿਰਝਾਂ ਕੁੱਤਿਆਂ ਦੇ ਵੱਸ,
ਅੱਜ ਜ਼ਿੰਦਗੀ ਤਲੀਆਂ ਮਲਦੀ।

ਆਦਮ ਖ਼ੋਰ ਆਵਾਜ਼ਾਂ ਦੇ ਵਿਚ,
ਮੇਰੀ ਤਾਂ ਬਈ ਸੁਰ ਨ੍ਹੀਂ ਰਲਦੀ।

ਏਨੀ ਧੁੱਪ ਤੋਂ ਸਹਿਮ ਗਏ ਹੋ,
ਚੇਤੇ ਹੈ ਅੱਗ ਮਾਰੂਥਲ ਦੀ।

ਇਸ ਮੌਸਮ ਵਿਚ ਚੁੱਪ ਨਾ ਬੈਠੋ,
ਏਦਾਂ ਨਹੀਂ ਮੁਸੀਬਤ ਟਲਦੀ।

ਘੇਰ ਲਉ ਵਰਮੀ ਨੂੰ ਜਾ ਕੇ,
ਨਾਗਣ ਤਾਂ ਨਿੱਤ ਜਾਵੇ ਫ਼ਲਦੀ।

ਸੱਜੇ ਖੱਬੇ ਸਿਰ ਅਗਨੀ ਤੇ,
ਆਸ ਕਰੂੰਬਲ ਫਿਰ ਵੀ ਪਲਦੀ।

✪

ਰੁਕ ਰੁਕ ਤੇਜ਼ ਹਵਾ ਨ ਚੱਲ।
ਕਾਫ਼ਲਿਆਂ ਦਾ ਰਾਹ ਨ ਮੱਲ।

ਜ਼ਖ਼ਮਾਂ ਖਾਤਰ ਮਰਹਮ ਬਣ ਜਾ,
ਹੋਰ ਵਧਾ ਨਾ ਦਿਲ ਦੇ ਸੱਲ।

ਅੱਜ ਦੀ ਏਸ ਭਿਆਨਕ ਰਾਤੇ,
ਚੰਗਾ ਲੱਗਦੈ ਬੀਤਿਆ ਕੱਲ੍ਹ।

ਹਰ ਮੀਟੀ ਮੈਂ ਹਾਰ ਗਿਆ ਹਾਂ,
ਜਿੱਤ ਦਾ ਕੋਈ ਸੁਨੇਹਾ ਘੱਲ।

ਤੁਰਦਾ ਤੁਰਦਾ ਏਸ ਪੜਾਅ ਤੇ,
ਪਹੁੰਚ ਗਿਆ ਏ ਦਿਲ ਦਾ ਝੱਲ।

ਸੱਚੋ ਸੱਚ ਇਹ ਦੱਸਦੇ ਤੂੰ ਹੈਂ,
ਦੁਸ਼ਮਣ ਵੱਲ ਜਾਂ ਮੇਰੇ ਵੱਲ।

ਮਸਾਂ ਮਸਾਂ ਅੱਜ ਲਾਟ ਬਣੀ ਹੈ,
ਧੁਖ਼ਦੀ ਧੁਖ਼ਦੀ ਦਿਲ ਦੀ ਗੱਲ।

ਤੂੰ ਤੇ ਮੈਂ ਜੇ ਰਲ ਮਿਲ ਜਾਈਏ,
ਬੀਤਿਆ ਅੱਜ ਤੇ ਸਾਡਾ ਕੱਲ੍ਹ।



✪

ਹਰ ਸੀਸ ਤੇਗ ਹੇਠਾਂ ਹਰ ਜਿਸਮ ਆਰਿਆਂ 'ਤੇ।
ਇਹ ਕਿਸ ਤਰ੍ਹਾਂ ਦਾ ਮੌਸਮ ਆਇਆ ਹੈ ਸਾਰਿਆਂ 'ਤੇ।

ਪੈਰਾਂ 'ਚ ਝਾਂਜਰਾਂ ਨੇ ਬੇਚੈਨ ਆਂਦਰਾਂ ਨੇ,
ਨੱਚਦੇ ਹਾਂ ਨਾਚ ਕਿਹੜਾ ਕਿਸਦੇ ਇਸ਼ਾਰਿਆਂ 'ਤੇ।

ਵਰ੍ਹਿਆਂ ਤੋਂ ਸਾਂਭਿਆ ਹੈ ਜਿਸ ਚਾਨਣੀ ਦਾ ਸੁਪਨਾ,
ਕਿੰਨੀ ਕੁ ਦੇਰ ਹਾਲੇ ਪਰਚਾਂਗੇ ਲਾਰਿਆਂ 'ਤੇ।

ਹਰ ਬੋਲ ਉੱਤੇ ਪਹਿਰਾ ਵੀਰਾਨ ਜਿੰਦੂ ਸਹਿਰਾ,
ਹੈ ਸਾਜ਼ਸ਼ੀ ਕਰੋਪੀ ਛੰਨਾਂ ਤੇ ਢਾਰਿਆਂ 'ਤੇ।

ਮਿਲ ਕੇ ਹੀ ਜਰ ਸਕਾਂਗੇ ਉਹ ਹਾਦਸੇ ਨੂੰ ਆਪਾਂ,
ਡਿੱਗੀ ਜੇ ਬਿੱਜ ਕੋਈ ਬਰਫ਼ਾਂ ਦੇ ਠਾਰਿਆਂ 'ਤੇ।

ਕਿੱਧਰ ਨੂੰ ਕੋਈ ਜਾਵੇ ਕਿੱਧਰ ਤੋਂ ਕੋਈ ਆਵੇ,
ਹਰ ਸੜਕ ਚੌਂਕ ਗਲੀਆਂ ਪਹਿਰੇ ਨੇ ਸਾਰਿਆਂ 'ਤੇ।

ਇਹ ਰਾਤ ਦੀ ਸਿਆਹੀ ਹੱਡਾਂ 'ਚ ਬਹਿ ਨ ਜਾਵੇ,
ਗਰਮਾਓ ਸਰਦ ਜੁੱਸੇ ਰੱਖ ਕੇ ਅੰਗਾਰਿਆਂ 'ਤੇ।

ਇਹ ਜ਼ਿੰਦਗੀ ਹੈ ਯਾਰੋ ਕੋਈ ਵਾਰਤਾ ਨਹੀਂ ਹੈ,
ਚੱਲਦੀ ਰਹੇਗੀ ਆਪੋ ਅਪਣੇ ਹੁੰਗਾਰਿਆਂ 'ਤੇ।

ਬੜਾ ਚਿਰ ਜੀ ਲਿਆ ਮੈਂ ਪਿੰਡ ਦਿਆਂ ਰੁੱਖਾਂ ਤੋਂ ਡਰ ਡਰ ਕੇ।
ਪਤਾ ਨ੍ਹੀਂ ਕਿੰਞ ਹਾਂ ਜ਼ਿੰਦਾ ਅਨੇਕਾਂ ਵਾਰ ਮਰ ਮਰ ਕੇ।

ਕਿਸੇ ਨੂੰ ਕੀ ਪਤਾ ਸੀ ਮਘ ਪਵੇਗੀ ਰਾਖ 'ਚੋਂ ਏਦਾਂ,
ਜੋ ਆਪਾਂ ਠਾਰ ਦਿੱਤੀ ਅੱਗ ਬਰਫ਼ਾਂ ਹੇਠ ਧਰ ਧਰ ਕੇ।

ਤੂੰ ਜਿਸ ਦਿਨ ਮੇਰਿਆਂ ਹੋਠਾਂ ਤੋਂ ਮੇਰੀ ਬਾਤ ਖੋਹੀ ਸੀ,
ਮੈਂ ਉਸ ਦਿਨ ਬਹੁਤ ਰੋਇਆ ਅਪਣੇ ਪਰਛਾਵੇਂ ਤੋਂ ਡਰ ਡਰ ਕੇ।

ਮੈਨੂੰ ਲੱਗਦੇ ਬਹੁਤ ਭਟਕਾਂਗਾ ਮੈਂ ਤੈਥੋਂ ਜੁਦਾ ਹੋ ਕੇ,
ਮੈਂ ਦਿਲ ਨੂੰ ਸਾਂਭਦਾ ਹਾਂ ਤੇਰੀਆਂ ਹੀ ਗੱਲਾਂ ਕਰ ਕਰ ਕੇ।

ਇਹ ਮੇਰਾ ਸੀਸ ਐਵੇਂ ਦਰ-ਬ-ਦਰ ਨਹੀਂ ਭਟਕਦਾ ਫਿਰਦਾ,
ਇਹ ਝੁਕਿਆ ਜਦ ਵੀ ਝੁਕਿਆ ਸਿਰਫ਼ ਝੁਕਿਆ ਤੇਰੇ ਦਰ ਕਰਕੇ।



ਦਿਨ ਭਰ ਜਿਹੜੀ ਰਾਤ ਉਡੀਕਾਂ ਰਾਤ ਪਏ ਘਬਰਾਵਾਂ।
ਸਮਝ ਨਹੀਂ ਆਉਂਦੀ ਅੰਨ੍ਹੇ ਖੂਹ 'ਚੋਂ ਕਿੱਧਰ ਨੂੰ ਮੈਂ ਜਾਵਾਂ।

ਓਸ ਕੁੜੀ ਨੂੰ ਹੁਣ ਹੱਥਾਂ ਦੀ ਮਹਿੰਦੀ ਤੋਂ ਡਰ ਲੱਗੇ,
ਜੀਹਦਾ ਕੰਤ ਜਹਾਜ਼ੇ ਚੜ੍ਹਿਆ ਲੈ ਕੇ ਚਾਰ ਕੁ ਲਾਵਾਂ।

ਬੰਦਿਆਂ ਦਾ ਇਤਬਾਰ ਭਲਾ ਮੈਂ ਕੀ ਕਰਦਾ ਇਸ ਰੁੱਤੇ,
ਰੁੱਖਾਂ ਨਾਲ ਖਲੋਤਾ ਮੈਂ ਹਾਂ ਜਾਂ ਪੱਤ ਵਿਰਲਾ ਟਾਵਾਂ।

ਕੱਲ੍ਹ ਤਿਰਕਾਲੀਂ ਡੁੱਬਦਾ ਸੂਰਜ ਜਾਪ ਰਿਹਾ ਸੀ ਏਦਾਂ,
ਜੀਕਣ ਸਾਮੀ ਘੇਰੀ ਹੋਵੇ ਸਾਡੇ ਪਿੰਡ ਦੇ ਸ਼ਾਹਵਾਂ।

ਕੱਲ੍ਹ ਦਰਿਆ ਸੀ ਚਾਰ ਚੁਫ਼ੇਰੇ ਵਿਚ ਖਲੋਤਾ ਮੈਂ ਸਾਂ,
ਅੱਜ ਮੈਂ ਉਹਦੀ ਰੇਤ 'ਚ ਪੋਟਾ ਪੋਟਾ ਧਸਦਾ ਜਾਵਾਂ।

ਅਪਣੇ ਸ਼ਹਿਰ ਪਰਾਇਆਂ ਵਾਂਗੂੰ ਰੁੱਖ ਘੂਰਦੇ ਮੈਨੂੰ,
ਸ਼ਹਿਰ ਬੇਗਾਨੇ ਦੇ ਲੋਕੀ ਤਾਂ ਹੱਥੀਂ ਕਰਦੇ ਛਾਵਾਂ।

ਤੇਰੀ ਧੁੱਪ ਮੁਬਾਰਕ ਤੈਨੂੰ, ਛਾਂ ਤੇਰੀ ਵੀ ਤੈਨੂੰ,
ਮੈਨੂੰ ਬਹੁਤ ਗੁਜ਼ਾਰੇ ਜੋਗਾ ਆਪਣਾ ਹੀ ਪਰਛਾਵਾਂ।

ਜੇ ਮੂੰਹੋਂ ਬੋਲਦੀ ਸ਼ੀਰੀਂ ਗ਼ਜ਼ਲ ਦੀ ਬਹਿਰ ਦੇ ਵਾਂਗੂੰ।
ਤਾਂ ਹੋ ਜਾਣਾ ਸੀ ਖ਼ੁਦ ਫਰਹਾਦ ਨੇ ਵੀ ਨਹਿਰ ਦੇ ਵਾਂਗੂੰ।

ਮੈਂ ਉਸ ਨੂੰ ਲੱਭਦਾ ਲੱਭਦਾ ਆਪ ਕਿਧਰੇ ਗੁੰਮ ਹੋ ਚੱਲਿਆਂ,
ਕਿਤੇ ਤਾਂ ਮਿਲ ਪਵੇ ਮੱਥੇ ਦੀ ਘੂਰੀ ਕਹਿਰ ਦੇ ਵਾਂਗੂੰ।

ਉਦ੍ਹੀ ਇਕ ਯਾਦ ਦਾ ਅੰਮ੍ਰਿਤ ਹੀ ਬਣਿਆ ਆਸਰਾ ਮੇਰਾ,
ਨਹੀਂ ਤਾਂ ਜ਼ਿੰਦਗੀ ਹੋ ਜਾਣੀ ਸੀ ਇਹ ਜ਼ਹਿਰ ਦੇ ਵਾਂਗੂੰ।

ਜਦੋਂ ਸੀ ਕੋਲ ਮੇਰੇ ਜਾਪਦੀ ਬਲਦੀ ਹੋਈ ਸ਼ਮ੍ਹਾਂ,
ਜਦੋਂ ਨਿੱਖੜੀ ਤਾਂ ਜਾਪੀ ਉਹ ਸਰਾਪੇ ਸ਼ਹਿਰ ਦੇ ਵਾਂਗੂੰ।

ਕਿਵੇਂ ਉਹਨੂੰ ਕਲਾਵੇ ਵਿਚ ਭਰਨ ਦਾ ਹੌਸਲਾ ਕਰਦਾ,
ਹਵਾ ਦਾ ਜਿਸਮ ਸੀ ਪਾਣੀ ਦੀ ਉਤਲੀ ਲਹਿਰ ਦੇ ਵਾਂਗੂੰ।

ਹੁਲਾਰਾ ਪੀਂਘ ਦਾ ਮੈਂ ਉਸ ਦਾ ਨਾਮ ਰੱਖਿਆ ਹੈ,
ਮਿਲੀ ਜੋ ਜ਼ਿੰਦਗੀ ਵਿਚ ਇਕ ਘੜੀ ਸੀ ਕਹਿਰ ਦੇ ਵਾਂਗੂੰ।



ਸਾਡੇ ਘਰ ਨੂੰ ਤੀਲੀ ਲਾ 'ਗੇ ਬਹੁ ਰੰਗੇ ਅਖ਼ਬਾਰ।
ਅੰਨ੍ਹੇ ਕਾਣੇ ਫਿਰਨ ਘੁਮਾਉਂਦੇ ਦੋ ਧਾਰੀ ਤਲਵਾਰ।

ਨਾ ਅੰਬਰ 'ਚੋਂ ਬਿਜਲੀ ਡਿੱਗੀ ਨਾ ਕੋਈ ਹੋਰ ਚੁੜੇਲ,
ਬਿਟ ਬਿਟ ਝਾਕੇ ਕੰਧ 'ਤੇ ਬੈਠੀ ਖੰਭ ਸੜਿਆਂ ਦੀ ਡਾਰ।

ਮਾਂ ਪਿਉ ਜਾਏ ਬਣੇ ਪਰਾਏ ਵੰਡਿਆ ਧਰਤੀ ਅੰਬਰ,
ਵਿਸ਼-ਵਣਜਾਰਿਆਂ ਲੀਕਾਂ ਪਾ ਕੇ ਦਿੱਤਾ ਕਹਿਰ ਗੁਜ਼ਾਰ।

ਅੰਦਰੋਂ ਕੁੰਡੀ ਲਾ ਕੇ ਸੁੱਤੇ ਵੈਦ-ਧਨੰਤਰ ਸਾਰੇ,
ਅਪਣੇ ਆਪ ਤਾਂ ਲਹਿ ਨਾ ਸਕਦਾ ਜਾਪੇ ਡਾਢਾ ਤੇਜ਼ ਬੁਖ਼ਾਰ।

ਮੌਸਮ ਸਿਰ ਇਲਜ਼ਾਮ ਲਗਾ ਕੇ ਕੰਢੇ 'ਤੇ ਜਾ ਬੈਠੇ,
ਚਿੱਟੇ ਕੱਪੜਿਆਂ ਵਾਲੇ ਮੇਰੇ ਵੰਨ ਸੁਵੰਨੇ ਯਾਰ।

ਗਲੀਆਂ ਚੌਂਕ ਚੁਰਸਤੇ ਸੜਕਾਂ ਸੁੰਨ ਮ-ਸੁੰਨੀਆਂ ਹੋਈਆਂ,
ਦਫ਼ਾ ਚੁਤਾਲੀ ਧੌਣ ਪੰਜਾਲੀ ਜੇ ਰਲ ਬੈਠਣ ਚਾਰ।

ਏਦਾਂ ਗਰਕ ਗਰਕ ਕੇ ਯਾਰੋ ਬਾਕੀ ਰਹਿ ਕੀ ਜਾਊ,
ਵਧਦੀ ਗਈ ਜੇ ਏਦਾਂ ਅਪਣੇ ਗਰਕਣ ਦੀ ਰਫ਼ਤਾਰ।

ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ।
ਮੈਨੂੰ ਜਾਪੇ ਮੈਂ ਹੀ ਕਿਤਿਓਂ ਤਿੜਕ ਗਿਆਂ।

ਖਾਂਦੀ ਖਾਂਦੀ ਰਾਤ ਮੈਨੂੰ ਖਾ ਜਾਏਗੀ,
ਅੱਖ ਪਲਕ 'ਚ ਦੇਖ ਮੈਂ ਕਿੰਨਾ ਬਦਲ ਗਿਆਂ।

ਜਿਸ ਨੂੰ ਰੋਜ਼ ਉਡੀਕਦੇ ਹਾਂ ਦਿਨ ਚੜ੍ਹਦੇ ਤੋਂ,
ਢਿੱਲਾ ਜੇਹਾ ਮੂੰਹ ਲੈ ਆਉਂਦੈ ਦਿਨ ਢਲਿਆਂ।

ਮੱਥੇ ਵਿਚਲੀ ਭੁੱਖ ਜਹੀ ਤੜਫਾਉਂਦੀ ਹੈ,
ਸੌਂ ਜਾਵੇਗੀ ਇਕ ਅੱਧ ਬੁਰਕੀ ਦੇ ਮਿਲਿਆਂ।

ਰਾਹਾਂ ਦੇ ਵਿਚ ਖ਼ੁਰ ਚੱਲਿਆ ਸੀ ਮੇਰਾ ਤਨ,
ਤੈਨੂੰ ਚੇਤੇ ਕਰਕੇ ਏਨਾ ਵੀ ਬਚਿਆਂ।

ਕਦੇ ਕਦੇ ਇਹ ਅਣਖ਼ ਜਹੀ ਤੰਗ ਕਰਦੀ ਏ,
ਆਪਣੀ ਜਾਚੇ ਭਾਵੇਂ ਕਿੰਨਾ ਸੁਧਰ ਗਿਆਂ।

ਉਹਨੂੰ ਜੇਕਰ ਮੇਟ ਸਕੇਂ ਤਾਂ ਮੇਟ ਲਵੀਂ,
ਮੈਂ ਜਿਹੜੇ ਵਰਕੇ ਦਾ ਗੂੜ੍ਹਾ ਅੱਖਰ ਹਾਂ।

ਉਸ ਦਾ ਕੰਮ ਹੈ ਬਲਣਾ ਉਸ ਨੂੰ ਬਲਣ ਦਿਉ,
ਉਹ ਤਾਂ ਸੂਰਜ ਹੈ ਮੈਂ ਸੂਰਜ ਥੋਹੜਾ ਹਾਂ।



ਗਰਦ ਚੜ੍ਹੀ ਅਸਮਾਨੇ ਰਾਤਾਂ ਕਾਲ਼ੀਆਂ।
ਸੁਹਣੇ ਪੁੱਤ ਗਵਾ ਲਏ ਪੁੱਤਾਂ ਵਾਲ਼ੀਆਂ।

ਸਿਖ਼ਰ ਦੁਪਹਿਰ ਸਿਰ 'ਤੇ ਕਾਂਬਾ ਕਹਿਰ ਦਾ,
ਦੋਹਾਂ ਚੋਂ ਕਿਸ ਰੁੱਤ ਨੂੰ ਦੇਵਾਂ ਗਾਲ਼ੀਆਂ।

ਪਾਲੇ ਠਰ ਕੇ ਰਾਤ ਮੁਸਾਫ਼ਰ ਮਰ ਗਿਆ,
ਹੁਣ ਕਿਉਂ ਲੋਥ ਸਿਰ੍ਹਾਣੇ ਅੱਗਾਂ ਬਾਲ਼ੀਆਂ।

ਏਧਰ ਓਧਰ ਖੁਸ਼ਬੂ ਪਈ ਕਲੋਲ ਕਰੇ,
ਕਾਹਨੂੰ ਵਿਚ ਵਿਚਾਲੇ ਲਾਈਆਂ ਜਾਲ਼ੀਆਂ।

ਪੇਟ ਵਜਾ ਕੇ ਗਾ ਕੇ ਭੁੱਖੇ ਰੱਜ ਗਏ,
ਦੇਣ ਤਸੱਲੀ ਆਈਆਂ ਜਦ ਨੂੰ ਥਾਲ਼ੀਆਂ।

ਰਾਤੀਂ ਖ਼ਬਰੇ ਕੌਣ ਸੁਨਾਉਣੀ ਦੇ ਗਿਆ,
ਬੋਹੜਾਂ ਦੇ ਪੱਬ ਡੋਲਣ ਖਿੜਕਣ ਟਾਹਲੀਆਂ।

ਜਾਦੂਗਰ ਦੀ ਸਾਜ਼ਿਸ਼ ਕੋਈ ਨਾ ਜਾਣਦਾ,
ਐਵੇਂ ਭੀੜ ਵਜਾਈ ਜਾਵੇ ਤਾਲ਼ੀਆਂ।

ਫੁੱਲਾਂ ਦਾ ਰੰਗ ਲਾਲ ਬਣੇਗਾ ਅੰਤ ਨੂੰ,
ਭਾਵੇਂ ਇਨ੍ਹਾਂ ਥੱਲੇ ਹਰੀਆਂ ਡਾਲ਼ੀਆਂ।

ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ ਚਾਰ ਚੁਫ਼ੇਰਾ ਹੈ।
ਇਹਦਾ ਮਤਲਬ ਇਹ ਤਾਂ ਨਹੀਂ ਕਿ ਹੋਇਆ ਸੋਨ-ਸਵੇਰਾ ਹੈ।

ਚੰਡੀਗੜ੍ਹ ਦੇ ਜੰਡ ਕਰੀਰਾਂ ਸੜਕਾਂ ਕੋਲ ਤਾਂ ਹੈ ਚਾਨਣ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲਾ ਘੁੱਪ ਹਨੇਰਾ ਹੈ।

ਔੜ ਪਏ ਜਾਂ ਮਾਰ ਦਏ ਫ਼ਿਰ ਬੇਮੌਸਮ ਬਰਸਾਤ ਜਹੀ,
ਰੋਜ਼ ਦਿਹਾੜੀ ਮਰ ਮਰ ਜੀਣਾ ਸਾਡੇ ਪਿੰਡ ਦਾ ਜੇਰਾ ਹੈ।

ਜਿੱਤਿਆ ਸੀ ਜੋ ਕਦੇ ਪੁਰਖ਼ਿਆਂ ਅਪਣੇ ਬਾਹੂਬਲ ਦੇ ਨਾਲ,
ਓਸ ਕਿਲ੍ਹੇ ਵਿਚ ਅੱਜ ਕੱਲ੍ਹ ਲੱਗਿਆ ਵਿਸ਼-ਕੰਨਿਆ ਦਾ ਡੇਰਾ ਹੈ।

ਹੋਰ ਕਿਸੇ ਸੁਕਰਾਤ ਦੀ ਖ਼ਾਤਰ ਜ਼ਹਿਰ ਪਿਆਲਾ ਸਾਂਭ ਲਵੋ,
ਮੈਨੂੰ ਤਾਂ ਬੱਸ ਏਸੇ ਜੀਵਨ ਦਾ ਹੀ ਜ਼ਹਿਰ ਬਥੇਰਾ ਹੈ।

ਮੇਰੀ ਹੋਂਦ ਕਬੂਲ ਕਰੋਗੇ ਇਕ ਦਿਨ ਐਸਾ ਆਵੇਗਾ,
ਮੈਂ ਭਾਵੇਂ ਇਕ ਬਿੰਦੂ ਹਾਂ ਪਰ ਹਰ ਬਿੰਦੂ ਦਾ ਘੇਰਾ ਹੈ।

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ ਘਰ ਸ਼ਹਿਰ ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।



ਅਖ਼ਬਾਰਾਂ 'ਚ ਰੋਜ਼ਾਨਾ ਮਰਿਆਂ ਦੀ ਖ਼ਬਰ ਲੱਗੇ।
ਜ਼ਹਿਰੀਲੀ ਹਵਾ ਦਾ ਹੀ ਹਰਫ਼ਾਂ 'ਤੇ ਅਸਰ ਲੱਗੇ।

ਦੀਵਾਰਾਂ ਨੇ ਸਭ ਪਾਸੇ ਨਾ ਬੂਹਾ ਨਾ ਬਾਰੀ ਹੈ,
ਅੰਬਰ ਵੱਲ ਝਾਕਦਿਆਂ ਖੁੱਲ੍ਹਾ ਇੱਕ ਦਰ ਲੱਗੇ।

ਧੁੱਪਾਂ ਤੋਂ ਕਣੀਆਂ ਤੋਂ ਜਿਸ ਛਤਰੀ ਬਚਾਉਣਾ ਸੀ,
ਉਸ ਕੱਪੜੇ ਸਣੇ ਤਾਰਾਂ ਮੈਨੂੰ ਜਾਲ ਤੋਂ ਡਰ ਲੱਗੇ।

ਇਹ ਵਕਤ ਭਲਾ ਕੈਸਾ ਸਿਰ ਉੱਤੇ ਹੈ ਆਣ ਖੜ੍ਹਾ,
ਪਾਣੀ ਤੇ ਅੱਗ ਸਣੇ ਸਾਹਾਂ ਤੇ ਵੀ ਕਰ ਲੱਗੇ।

ਕਤਰਨ ਨੂੰ ਉਹ ਪਰ ਮੇਰੇ ਫਿਰ ਲੈ ਕੇ ਤੇ ਆਏ ਨੇ,
ਕੈਂਚੀ ਵੀ ਉਹ ਜਿਸਨੂੰ ਸੋਨੇ ਦੇ ਨੇ ਪਰ ਲੱਗੇ।

ਸੋਚਾਂ ਦੀ ਹਨੇਰੀ ਵਿਚ ਮੈਂ ਖਿੰਡ ਗਿਆਂ ਏਦਾਂ,
ਬੂਹੇ 'ਤੇ ਖੜੋਤਿਆਂ ਵੀ ਸੌ ਮੀਲ ਤੇ ਘਰ ਲੱਗੇ।

ਤਲੀਆਂ ਤੇ ਟਿਕਾ ਕੇ ਸਿਰ ਇਹ ਕੌਣ ਕਿਵੇਂ ਕਿਹੜੇ?
ਧੂੰਏਂ 'ਚ ਗੁਆਚ ਗਏ ਇਹ ਕਿਸਦੇ ਮਗਰ ਲੱਗੇ?

✪

ਚੇਤੇ ਵਿਚੋਂ ਨਹੀਂ ਜਾਂਦੀ ਹੈ ਮੇਰੇ ਪਿੰਡ ਦੀ ਨਹਿਰ।
ਹੱਡਾਂ ਵਿਚ ਨਹੀਂ ਰਚਦਾ ਇਹ ਓਪਰਿਆਂ ਦਾ ਸ਼ਹਿਰ।

ਸਿਰ ਤੇ ਛਤਰੀ ਤਾਣ ਲਵਾਂ ਜੇ ਧੁੱਪ ਤੋਂ ਡਰਦਾ ਮਾਰਾ,
ਚੁਭਦੀ ਜਾਨ ਵਲੂੰਧਰਦੀ ਹੈ ਫਿਰ ਵੀ ਸਿਖ਼ਰ ਦੁਪਹਿਰ।

ਰੁੱਖਾਂ ਦੇ ਪਰਛਾਵੇਂ ਮੇਰੇ ਘਰ ਤੀਕਣ ਨ੍ਹੀਂ ਆਉਂਦੇ,
ਸੂਰਜ ਸਾਜ਼ਿਸ਼ ਕਰ ਲੈਂਦਾ ਹੈ ਕਿੱਡਾ ਵੱਡਾ ਕਹਿਰ।

ਹੁਣ ਲੋਹੜੇ ਦਾ ਮੀਂਹ ਆਵੇਗਾ ਰੁੱਖ ਡੋਲਦੇ ਵੇਖੋ,
ਅੰਬਰ ਦੇ ਨੈਣਾਂ ਚੋਂ ਦਿਸਦੀ ਸੁਰਮੇ ਵਰਗੀ ਗਹਿਰ।

ਅਣਦੇਖੇ ਦੁਸ਼ਮਣ ਦਾ ਚਿਹਰਾ ਮੁੜ ਘਿੜ ਨਜ਼ਰੀਂ ਆਵੇ,
ਪਤਾ ਨਹੀਂ ਕੀ ਸੁਪਨਾ ਆਵੇ ਰਾਤ ਦੇ ਪਿਛਲੇ ਪਹਿਰ।

ਅਧਮੋਏ ਦਫ਼ਤਰ ਵਿਚ ਹੋਏ ਸੁੱਤ-ਉਨੀਂਦੇ ਲੋਕੀਂ,
ਸਹਿਕਦਿਆਂ ਨੂੰ ਖ਼ੋਰੀ ਜਾਵੇ ਚਾਕਰੀਆਂ ਦਾ ਜ਼ਹਿਰ।

ਕੱਲ੍ਹ-ਕਲੋਤਰ ਮੈਂ ਵੀ ਸ਼ਾਇਦ ਪਾਣੀ ਵਿਚ ਵਹਿ ਜਾਵਾਂ,
ਕੱਲੀ ਕੀਕਣ ਤੁਰ ਸਕਦੀ ਏ ਪਾਣੀ ਉਤੇ ਲਹਿਰ।



✪

ਹਾੜ੍ਹ ਮਹੀਨਾ ਸਿਖ਼ਰ ਦੁਪਹਿਰਾ ਤੇਜ਼ ਹਵਾ।
ਵੇਂਹਦੇ ਵੇਂਹਦੇ ਸਾਵਾ ਰੁੱਖ ਸੀ ਝੁਲਸ ਗਿਆ।

ਰਾਤਾਂ ਦੇ ਜਗਰਾਤੇ ਕੱਟ ਕੇ ਜੋ ਬੁਣਿਆ,
ਨੇੜੇ ਆਇਆ ਸੁਪਨਾ ਹੱਥੋਂ ਤਿਲਕ ਗਿਆ।

ਸੀਟੀ ਮਾਰ ਜਗਾਉਂਦਾ ਸੀ ਜੋ ਪਿੰਡ ਸਾਰਾ,
ਪਹਿਰੇਦਾਰ ਪਤਾ ਨਹੀਂ ਕਿੱਥੇ ਗ਼ਰਕ ਗਿਆ।

ਜਿਸ ਦੀ ਸ਼ੂਕਰ ਦਿੱਲੀ-ਤਖ਼ਤ ਡਰਾਉਂਦੀ ਸੀ,
ਅੱਥਰਾ ਦਰਿਆ ਕਿਹੜੇ ਟਿੱਬਿਆਂ ਡੀਕ ਲਿਆ।

ਦਰਿਆਵਾਂ ਦੇ ਵਹਿਣ ਅਜੇ ਵੀ ਸ਼ੂਕਰਦੇ,
ਕਾਫ਼ਲਿਆਂ ਦਾ ਮੂੰਹ ਕਿਉਂ ਪਿੱਛੇ ਪਰਤ ਗਿਆ।

ਚਿੜੀ ਚੂਕਦੀ ਸ਼ੀਸ਼ੇ ਨੂੰ ਟੁਣਕਾਰ ਗਈ,
ਬਾਹਰ ਨਿਕਲੋ ਸੂਰਜ ਬੂਹੇ ਆ ਢੁਕਿਆ।

✪

ਯਤਨ ਕਰਾਂਗਾ ਮੱਥੇ ਵਿਚਲੀ ਬਲਦੀ ਅੱਗ ਨੂੰ ਠਾਰ ਦਿਆਂ।
ਆਪਣੇ ਵਿਚਲਾ ਅੱਥਰਾ ਘੋੜਾ ਮਾਰ ਮਾਰ ਕੇ ਮਾਰ ਦਿਆਂ।

ਸਰਦੀ ਰੁੱਤੇ ਸੇਕ ਨਹੀਂ ਪਰ ਜੇਠ ਹਾੜ੍ਹ ਨੂੰ ਤਪਦਾ ਹੈ,
ਰੋਜ਼ ਸੋਚਨਾਂ ਏਸ ਕਿਸਮ ਦੇ ਸੂਰਜ ਨੂੰ ਦੁਰਕਾਰ ਦਿਆਂ।

ਕੋਰੇ ਕਾਗਜ਼ 'ਤੇ ਨਾ ਐਵੇਂ ਨਵੀਆਂ ਲੀਕਾਂ ਵਾਹ ਦੇਵੇ,
ਪੁੱਤਰ ਕੋਲੋਂ ਕਾਪੀ ਖੋਹ ਕੇ ਰੱਦੀ ਚੋਂ ਅਖ਼ਬਾਰ ਦਿਆਂ।

ਵੱਖਰੇ ਵੱਖਰੇ ਮੋਰਚਿਆਂ ਤੇ ਵੰਨ ਸੁਵੰਨੇ ਦੁਸ਼ਮਣ ਨੇ,
ਇਕ ਇਕੱਲਾ ਕਿੱਧਰ ਕਿੱਧਰ ਕਿਸ ਕਿਸ ਨੂੰ ਮੈਂ ਹਾਰ ਦਿਆਂ।

ਪੱਥਰਾਂ ਦੀ ਬਰਸਾਤ 'ਚ ਟੁੱਟੇ ਸ਼ੀਸ਼ੇ ਵਰਗੇ ਸੁਪਨੇ ਸਭ,
ਫਿਰ ਵੀ ਪੱਥਰ ਚਹੁੰਦੇ ਨੇ ਮੈਂ ਪੱਥਰਾਂ ਨੂੰ ਸਤਿਕਾਰ ਦਿਆਂ।

ਤਲਖ਼ ਤਜਰਬੇ ਕੋਲ ਗਵਾਹ ਨੇ ਨਾ ਲਿਫ਼ਿਆ ਨ ਮੁੜਿਆ ਹਾਂ,
ਯਤਨ ਕਰਾਂਗਾ ਏਦਾਂ ਤਣ ਕੇ ਬਾਕੀ ਰਾਤ ਗੁਜ਼ਾਰ ਦਿਆਂ।

ਨ ਖ਼ਤ ਆਵੇ ਨਾ ਖ਼ਤ ਜਾਵੇ ਫਿਰ ਵੀ ਸਾਂਝ ਅਜੇ ਬਾਕੀ,
ਕੇਹੇ ਧਾਗੇ ਨਾਲ ਜਕੜਿਆ ਸੱਜਣਾਂ ਹੱਦੋਂ ਪਾਰ ਦਿਆਂ।



✪

ਅੰਗਾਂ ਦੇ ਵਿਚ ਵੜਦੀ ਜਾਵੇ ਠੰਢੀ ਠਾਰ ਹਵਾ।
ਸਰਦ ਸਿਆਲੀਆਂ ਰਾਤਾਂ ਦਿਲ ਚੋਂ ਅੱਗ ਨੂੰ ਚੂਸ ਲਿਆ।

ਮੀਂਹ ਦਾ ਪਾਣੀ ਹੜ੍ਹ ਦਾ ਪਾਣੀ ਏਥੇ ਆਣ ਖਲੋਵੇ,
ਨੀਵੇਂ ਥਾਂ 'ਤੇ ਉੱਗੇ ਰੁੱਖ ਨੂੰ ਡਾਢੀ ਸਖ਼ਤ ਸਜ਼ਾ।

ਨੰਗ ਮੁਨੰਗੇ ਠੁਰ ਠੁਰ ਕਰਦੇ ਕੱਚੀਆਂ ਕੰਧਾਂ ਉਹਲੇ,
ਇਨ੍ਹਾਂ ਹਿੱਸੇ ਆਉਂਦੀ ਅੱਗ ਹੈ ਕਿਹੜਾ ਸੇਕ ਰਿਹਾ?

ਸਾਡੀ ਧਰਤੀ 'ਤੇ ਹਰ ਬੂਟਾ ਚੜ੍ਹੇ ਜਵਾਨੀ ਸੁਹਣੀ,
ਪਤਾ ਨਹੀਂ ਕਿਉਂ ਫ਼ਲ ਦੀ ਰੁੱਤੇ ਰੁੱਖ ਜਾਵੇ ਕੁਮਲਾ।

ਤੇਜ਼ ਹਨੇਰੀ ਤੋਂ ਕੰਬਦਾ ਹੈ ਸਾਰਾ ਪਿੰਡ ਉਦੋਂ ਤੋਂ,
ਜਦ ਤੋਂ ਝਟਕੇ ਨਾਲ ਬੋਹੜ ਦਾ ਬੂਟਾ ਉਖੜ ਗਿਆ।

ਧਰਤੀ ਅੰਬਰ ਜਾਣ ਫ਼ੈਲਦੇ ਮਹਿਲ ਮੁਨਾਰੇ ਖ਼ਾਤਰ,
ਸਾਡੀ ਧਰਤੀ ਸਾਡਾ ਅੰਬਰ ਕਾਹਨੂੰ ਸੁੰਗੜ ਗਿਆ।

ਠਰਦੇ ਹੱਥਾਂ ਬਹੁਤ ਬੁਲਾਇਆ ਲੱਖ ਇਸ਼ਾਰੇ ਕੀਤੇ,
ਅੱਗ ਦਾ ਗੀਤ ਗਵੱਈਆ ਰਾਹ 'ਚੋਂ ਆ ਕੇ ਪਰਤ ਗਿਆ।

✪

ਜੰਗਲ ਦੇ ਵਿਚ ਸ਼ਾਮ ਪਈ ਤੇ ਖੁਰਿਆ ਹੈ ਪਰਛਾਵਾਂ।
ਵੰਨ ਸੁਵੰਨੀਆਂ ਚੀਕਾਂ ਕੂਕਾਂ ਰੌਲਾ ਬੱਦ ਬਲਾਵਾਂ।

ਜਿਨ੍ਹਾਂ ਦੇ ਗਲ ਸੰਗਲ ਰੱਸੇ ਹਾਰ ਹਮੇਲਾਂ ਛਣਕਣ,
ਖ਼ਸਮ ਪਛਾਣ ਕੇ ਪਿੱਛੇ ਤੁਰੀਆਂ ਭੇਡਾਂ, ਮੱਝਾਂ, ਗਾਵਾਂ।

ਸਿਰ ਤੇ ਜਦੋਂ ਦੁਪਹਿਰ ਖੜ੍ਹੀ ਸੀ ਪੈਰ ਨ ਪੁੱਟਿਆ ਕੋਈ,
ਸਾਨੂੰ ਐਵੇਂ ਬੰਨ੍ਹ ਬਿਠਾਇਆ ਬੁੱਢੇ ਰੁੱਖਾਂ ਛਾਵਾਂ।

ਆਲ ਦੁਆਲਾ ਸਾਰੇ ਰਸਤੇ ਸ਼ੇਰ ਬਘੇਲਿਆਂ ਮੱਲੇ,
ਤੇਰੇ ਤੱਕ ਵੀ ਆਵਾਂ ਤਾਂ ਦੱਸ ਕਿਹੜੇ ਰਸਤੇ ਆਵਾਂ।

ਸਿਰ ਤੇ ਐਨ ਵਰ੍ਹਾਊ ਬੱਦਲ, ਕਹਿਰ, ਗੁਬਾਰ, ਹਨੇਰਾ,
ਵਿਰਲਾਂ ਥਾਣੀਂ ਝਾਕੇ ਫ਼ਿਰ ਵੀ ਤਾਰਾ ਵਿਰਲਾ ਟਾਵਾਂ।

ਏਨੇ ਸਾਲ ਬੇਗਾਨੀ ਧਰਤੀ ਖੋਰ ਖੋਰ ਕੇ ਪੀਤਾ,
ਹੁਣ ਬਨਵਾਸੀ ਪੁੱਤਰਾਂ ਤਾਈਂ ਕਿੰਞ ਪਛਾਨਣ ਮਾਵਾਂ।



✪

ਜਿਨ੍ਹਾਂ ਦੇ ਪਿੰਡਿਆਂ ਨੇ ਪਾਏ ਲਿਸ਼ਕ ਪੁਸ਼ਕਵੇਂ ਬਸਤਰ ਸੀ।
ਉਨ੍ਹਾਂ ਹੀ ਤਾਂ ਬੇ-ਤਰਤੀਬੀ ਕੀਤੀ ਸਾਡੀ ਨੀਂਦਰ ਸੀ।

ਖੁਸ਼ੀਆਂ ਵਿਚ ਮਖ਼ਮੂਰ ਜਦੋਂ ਸਨ ਮੇਰੀ ਜਾਨ ਦੇ ਵੈਰੀ ਲੋਕ,
ਮੇਰੇ ਅੰਦਰ ਖ਼ੌਲ ਰਿਹਾ ਤਦ ਦੁੱਖ ਦਾ ਤਲਖ਼ ਸਮੁੰਦਰ ਸੀ।

ਗਰਮ ਹਵਾ ਦੇ ਰੋੜ੍ਹ 'ਚ ਰੁੜ੍ਹ ਗਏ ਕਿਣਕੇ ਕੱਲੇ ਕੱਲੇ ਸਨ,
ਵੇਖਣ ਨੂੰ ਜੋ ਲੱਗਦੇ ਭਾਵੇਂ ਗਿੱਲੇ ਰੇਤੇ ਦਾ ਘਰ ਸੀ।

ਚੋਰ ਚਕਾਰ ਬੁਰੇ ਦੇ ਭਾਵੇਂ ਅਪਣੇ ਪੈਰ ਨਹੀਂ ਹੁੰਦੇ,
ਪਿੱਛਾ ਕਰਨੋਂ ਰੋਕ ਲਿਆ ਜਿਸ ਅਪਣੇ ਮਨ ਦਾ ਹੀ ਡਰ ਸੀ।

ਹਰ ਵਾਰੀ ਇਸ ਬਕਸੇ ਵਿਚੋਂ ਮੌਤ ਸੁਨੇਹਾ ਨਿਕਲ ਆਇਆ,
ਹਰ ਵਾਰੀ ਉਸ ਪਰਚੀ ਉਤੇ ਅਪਣੇ ਹੀ ਹਸਤਾਖ਼ਰ ਸੀ।

ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖੁਸ਼ਬੋਹੀਣ ਗੁਲਾਬ ਹੈ।
ਮੈਨੂੰ ਅੱਜ ਕੱਲ੍ਹ ਏਦਾਂ ਜਾਪੇ ਅਪਣਾ ਦੇਸ ਪੰਜਾਬ ਹੈ।

ਇਸ ਬੂਟੇ ਨੂੰ ਕੰਡਿਆਂ ਤੋਂ ਬਿਨ ਹੋਰ ਤਾਂ ਕੁਝ ਵੀ ਲੱਗਣਾ ਨਾ,
ਫੁੱਲਾਂ ਖ਼ਾਤਰ ਲਾਈ ਜਾਵੇ ਇਹ ਭੈੜਾ ਜੋ ਦਾਬ ਹੈ।

ਮੋਢਿਆਂ ਨਾਲੋਂ ਛਾਂਗੀਆਂ ਬਾਹਾਂ, ਬੇ-ਸਿਰ, ਪੈਰ-ਵਿਹੂਣੇ ਲੋਕ,
ਰੋਜ਼ ਰਾਤ ਨੂੰ ਅੱਜ ਕੱਲ੍ਹ ਮੈਨੂੰ ਦਿਸਦਾ ਏਹੀ ਖ਼੍ਵਾਬ ਹੈ।

ਕਿਹੜਾ ਮਾਲੀ ਐਸੀ ਡਾਲੀ ਫਿਰ ਲਾਵੇਗਾ ਘਰ ਸਾਡੇ,
ਜਿਸ ਦੀ ਖੁਸ਼ਬੋ ਆਪ ਕਹੇਗੀ ਇਹ ਸਾਡਾ ਪੰਜਾਬ ਹੈ।

ਪਾਟੀਆਂ ਲੀਰਾਂ ਵਾਂਗ ਰੁਲੇ -ਨਾ ਇਹਦਾ ਵਰਕਾ ਵਰਕਾ ਵੀ,
ਸਾਂਝ-ਭਰਪੱਣ ਵਾਲੀ ਇਹ ਜੋ ਹੱਥਾਂ ਵਿਚ ਕਿਤਾਬ ਹੈ।



ਹੌਕਿਆਂ ਦੇ ਵਿਚ ਉਲਝ ਗਈ ਹੈ ਸਾਹਾਂ ਦੀ ਖੁਸ਼ਬੋ।
ਧੂੰਏਂ ਵਿਚ ਗਵਾਚ ਗਈ ਹੈ ਕਿਉਂ ਸੂਰਜ ਦੀ ਲੋਅ।

ਮੈਂ ਤੇਰਾ ਇਕ ਜਾਣਕਾਰ ਹਾਂ ਗੂੜ੍ਹ ਨੇਰ੍ਹੀਏ ਰਾਤੇ,
ਸਾਡੇ ਹਿੱਸੇ ਦਾ ਸੂਰਜ ਨਾ ਬੁੱਕਲ ਵਿਚ ਲੁਕੋ।

ਸੁਰਖ਼ ਸਵੇਰਾ ਚੀਰ ਹਨੇਰਾ ਤੇਰੇ ਦਰ 'ਤੇ ਆਇਆ,
ਜਾਗ ਸੁੱਤਿਆ ਲੋਕਾ ਉੱਠ ਕੇ ਤੇਲ ਤਾਂ ਬੂਹੇ ਚੋ।

ਚਾਰ ਦੀਵਾਰੀ ਅੰਦਰ ਖੁਸ਼ਬੋ ਕੈਦਣ ਬਣ ਕੇ ਰੋਵੇ,
ਕੱਚਿਆਂ ਵਿਹੜਿਆਂ ਪਾਲੀ ਪੋਸੀ ਗਈ ਪਰਾਈ ਹੋ।

ਪੈਰ ਪੈਰ ਤੇ ਦਰ-ਦਰਵਾਜ਼ੇ ਖੋਲ੍ਹੀ ਮੌਤ ਖਲੋਤੀ,
ਸਾਡੇ ਲਈ ਹਯਾਤੀ ਨੇ ਵੀ ਬੂਹੇ ਲਏ ਨੇ ਢੋਅ।

ਰਾਵੀ ਦੇ ਉਰਵਾਰ-ਪਾਰ ਦੁੱਖ-ਦਰਦਾਂ ਦਾ ਰੰਗ ਇੱਕੋ,
ਜਿਸਮ ਚੀਰ ਕੇ ਮੁਲਕ ਬਣਾਏ ਭਾਵੇਂ ਇਕ ਤੋਂ ਦੋ।

ਚਾਰ ਚੁਫ਼ੇਰੇ 'ਨੇਰ੍ਹ ਦਾ ਪਹਿਰਾ ਗੱਠੜੀ ਲੈ ਗਏ ਚੋਰ।
ਅੱਧ-ਸੁੱਤੀਏ ਹੁਣ ਜਾਗ ਨੀ ਤੇਰਾ ਲੁੱਟਿਆ ਸ਼ਹਿਰ ਭੰਬੋਰ।

ਸੱਤਰੰਗੀ ਅਸਮਾਨ ਦੀ ਲੀਲ੍ਹਾ ਕੋਲ ਸੀ ਜਿਹੜੀ ਉੱਡਦੀ,
ਅੱਜ ਬੇਗਾਨੇ ਤੋੜ ਮਰੋੜੀ ਸਣੇ ਪਤੰਗ ਦੇ ਡੋਰ।

ਨਾ ਕੋਈ ਬਾਗ਼ ਬਗੀਚਾ ਖਿੜਿਆ ਨਾ ਅੰਬਾਂ ਨੂੰ ਬੂਰ,
ਨਾ ਕੋਇਲਾਂ ਨਾ ਗਾਉਣ ਬੰਬੀਹੇ ਨਾ ਹੀ ਨੱਚਦੇ ਮੋਰ।

ਸਾਡੇ ਚਿਹਰੇ ਇੰਝ ਧੁਆਂਖੇ ਰਹੀ ਪਛਾਣ ਨਾ ਕੋਈ,
ਆਪਣੇ ਜ਼ਖ਼ਮ ਵਿਖਾ ਕੇ ਕੁੰਜੀ ਲੈ ਗਿਆ ਕੋਈ ਹੋਰ।

ਲਹਿੰਦੇ ਬੰਨੇ ਸੂਰਜ ਨੂੰ ਅੱਗ ਲੱਗ ਕੇ ਬੁਝ ਗਈ ਹੈ,
ਚੜ੍ਹਦੇ ਪਾਸੇ ਹੋਰ ਚੜ੍ਹੀ ਹੈ ਕਾਲੀ ਘਟ ਘਨਘੋਰ।

ਰੁਕ ਰੁਕ ਕੇ ਸਾਹ ਚਲਦਾ ਜਾਪੇ ਨਬਜ਼ ਖਲੋਤੀ ਹੋਈ,
ਢੀਠ ਮੁਲਕ ਦੀ ਪਹਿਲਾਂ ਨਾਲੋਂ ਵੀ ਮਸਤਾਨੀ ਤੋਰ।

ਸੱਜੇ ਖੱਬੇ ਅੱਗੜ ਪਿੱਛੜ ਗੱਲ ਕਾਹਦੀ ਹਰ ਪਾਸੇ,
ਚੋਰ ਉਚੱਕਿਆਂ ਰਲ ਕੇ ਮੱਲਿਆ ਸਾਡਾ ਤਖ਼ਤ ਲਾਹੌਰ।



ਅੰਬਰ ਦੇ ਵਿਚ ਬਿਜਲੀ ਕੜਕੇ ਲਿਸ਼ਕੇ ਚਮਕ ਡਰਾਵੇ।
ਬਾਹਰ ਖਲੋਤੀਆਂ ਪੱਕੀਆਂ ਕਣਕਾਂ ਜਾਨ ਨਿਕਲਦੀ ਜਾਵੇ।

ਲਿਸ਼ਕ ਚਾਨਣੀ ਮਾਰ ਗਈ ਹੈ ਲਹਿ-ਲਹਿਰਾਉਂਦੇ ਛੋਲੇ,
ਦਾਣਿਆਂ ਦੀ ਥਾਂ ਘਰ ਵਿਚ ਆਏ ਹਾਉਕੇ ਹੰਝੂ ਹਾਵੇ।

ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿਚ ਲਾਊਡ ਸਪੀਕਰ ਉੱਚੀ ਉੱਚੀ ਗਾਵੇ।

ਕੱਚੇ ਘਰ ਪਾਣੀ ਵਿਚ ਡੁੱਬੇ ਖੁਰਦੀਆਂ ਜਾਵਣ ਕੰਧਾਂ,
ਉੱਚੇ ਪੱਕੇ ਘਰ ਦੇ ਵਿਹੜੇ ਚਿੜੀ ਰੇਤ ਵਿਚ ਨ੍ਹਾਵੇ।

ਚਾਰ ਚੁਫ਼ੇਰੇ ਚਿੱਕੜ ਖੋਭਾ ਗੋਡੇ ਗੋਡੇ ਪਾਣੀ,
ਸਾਡੀ ਖ਼ਬਰ-ਸਾਰ ਨੂੰ ਕਿੱਦਾ ਪਤਵੰਤਾ ਕੋਈ ਆਵੇ।

ਲਹਿਣੇਦਾਰ ਆਵਾਜ਼ਾਂ ਮਾਰਨ ਬੂਹੇ ਨੂੰ ਖੜਕਾ ਕੇ,
ਖ਼ਾਲੀ ਜੇਬ ਹੁੰਗਾਰਾ ਭਰਨੋਂ ਵੀ ਕੰਨੀ ਕਤਰਾਵੇ।

ਠੰਢਾ ਚੁੱਲ੍ਹਾ ਖਾਲੀ ਬੋਰੀ ਸੱਖਣੇ ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲੀ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

✪

ਆਲ ਦੁਆਲੇ ਲਾਟਾਂ ਵਰਗਦੀ ਗਰਮ ਹਵਾ।
ਚਿਰ ਤੋਂ ਗਾਉਂਦਾ ਪੰਛੀ ਸੁਰ ਤੋਂ ਡੋਲ ਗਿਆ।

ਦਰਿਆ ਪਾਣੀ ਵਗਦੇ ਇਕ ਦਮ ਠਹਿਰ ਗਏ,
ਕਿਸ ਕਲਜੋਗਣ ਨਹਿਸ਼ ਪਰੀ ਦਾ ਪੈਰ ਪਿਆ।

ਪਤਾ ਨਹੀਂ ਕੀਹ ਮਾਰ ਵਗੀ ਹੈ ਸਮਿਆਂ ਨੂੰ,
ਫ਼ੁੱਲਾਂ ਦੀ ਖੁਸ਼ਬੋਈ ਕੋਈ ਚੂਸ ਗਿਆ।

ਏਨੀ ਤੇਜ਼ ਹਨੇਰੀ ਆਈ ਇਸ ਵਾਰੀ,
ਬਾਗ਼ ਬਗੀਚਾ ਜੰਗਲ ਬੂਟਾ ਸਹਿਮ ਗਿਆ।

ਹੱਥ ਨੂੰ ਹੱਥ ਪਛਾਨਣ ਤੋਂ ਇਨਕਾਰ ਕਰੇ,
'ਨ੍ਹੇਰੇ ਦਾ ਪਰਿਵਾਰ ਚੁਫ਼ੇਰੇ ਫ਼ੈਲ ਗਿਆ।

ਡਾਰੋਂ ਵਿੱਛੜੀ ਕੂੰਜ ਵਾਂਗ ਕੁਰਲਾਉਂਦੀ ਹੈ,
ਬਲਦੀ ਅੱਗ ਨੇ ਜੀਵਨ ਨੂੰ ਇੰਵ ਘੇਰ ਲਿਆ।

ਬਾਲ ਬਚਪਨਾ ਕਲਮ ਦਵਾਤ ਸਲੇਟਾਂ ਵੀ
ਊੜਾ ਐੜਾ ਸਣੇ ਬਸਤਿਆਂ ਝੁਲਸ ਗਿਆ।



✪

ਹਵਾ ਵਿਚ ਉੱਡ ਰਿਹਾ ਸਾਂ ਡਿੱਗ ਪਿਆ ਹਾਂ।
ਮੈਂ ਅਪਣੇ ਆਪ ਵਿਚੋਂ ਲਾਪਤਾ ਹਾਂ।

ਦਿਆਂ ਪਰਵਾਜ਼ ਦਾ ਤੋਹਫ਼ਾ ਕੀ ਅੰਬਰ,
ਮੈਂ ਖੰਭਾਂ ਤੋਂ ਵਿਹੂਣਾ ਹੋ ਗਿਆ ਹਾਂ।

ਚੁਫ਼ੇਰੇ ਜ਼ਹਿਰ ਹੈ ਸੱਪਾਂ 'ਚ ਘਿਰਿਆਂ,
ਜਵਾਨੀ ਵਿਚ ਹੋਇਆ ਹਾਦਿਸਾ ਹਾਂ।

ਤੂੰ ਮੈਥੋਂ ਦੂਰ ਹੈਂ ਆਵਾਜ਼ ਤਾਂ ਦੇਹ,
ਸੁਰਾਂ ਨੂੰ ਸਹਿਕਦਾ ਮੈਂ ਬੇ-ਸੁਰਾ ਹਾਂ।

ਤਰਸਦਾ ਹਾਂ ਮੈਂ ਤੇਰੀ ਰੌਸ਼ਨੀ ਨੂੰ,
ਮੈਂ ਤੇਰੇ ਬਾਝ ਤਾਂ ਬੁਝਿਆ ਪਿਆ ਹਾਂ।

ਤੇਰੀ ਉਸ ਮੁਸਕਣੀ ਤੋਂ ਕੁਝ ਕੁ ਪਹਿਲਾਂ,
ਮੈਂ ਬਿਲਕੁਲ ਆਮ ਵਰਗਾ ਆਦਮੀ ਸਾਂ।

ਹਜ਼ਾਰਾਂ ਵਾਰ ਇੱਕੋ ਸਿਰ ਤੇ ਸਹਿ ਕੇ,
ਮੈਂ ਤੇਰੇ ਸਾਹਮਣੇ ਸਾਬਤ ਖੜ੍ਹਾ ਹਾਂ।

ਤਪਦੇ ਥਲਾਂ ਦਾ ਪੈਂਡਾ ਸਾਹਾਂ ਦੀ ਰਾਸ ਲੈ ਕੇ।
ਮੈਂ ਤੁਰ ਰਿਹਾ ਹਾਂ ਫਿਰ ਵੀ ਜਨਮਾਂ ਦੀ ਪਿਆਸ ਲੈ ਕੇ।

ਕੰਡਿਆਂ 'ਚ ਉਲਝਦੀ ਹੈ ਹਰ ਵਾਰ ਅੱਖ ਮੇਰੀ,
ਇਹ ਜ਼ਿੰਦਗੀ ਨਾ ਮਹਿਕੀ ਫੁੱਲਾਂ ਦੀ ਬਾਸ ਲੈ ਕੇ।

ਹਰ ਇਕ ਕਦਮ ਤੇ ਪੀੜਾਂ ਤੇ ਪੈਰ ਪੈਰ ਛਾਲੇ,
ਮੈਂ ਆ ਰਿਹਾ ਹਾਂ ਏਥੇ ਛਮਕਾਂ ਦੀ ਲਾਸ ਲੈ ਕੇ।

ਭਾਵੇਂ ਉਡੀਕ ਮੈਨੂੰ ਜਾਂ ਨਾ ਉਡੀਕ ਐਪਰ,
ਬੂਹੇ 'ਚ ਬੈਠ ਨਾ ਤੂੰ ਚਿਹਰਾ ਉਦਾਸ ਲੈ ਕੇ।

ਸ਼ਿਕਵਾ ਸ਼ਿਕਾਇਤ ਰੋਸਾ ਕਿਸ 'ਤੇ ਕਰਾਂ ਮੈਂ ਯਾਰੋ,
ਮੈਂ ਆਪ ਆ ਰਿਹਾ ਹਾਂ ਜੰਗਲ ਦਾ ਵਾਸ ਲੈ ਕੇ।



ਹਰ ਹਾਦਿਸੇ ਨੂੰ ਜਿਹੜਾ ਮਿਲਦਾ ਸੀ ਮੁਸਕਰਾ ਕੇ।
ਉਹ ਅੱਜ ਬਹੁਤ ਰੋਇਆ ਬੁੱਕਲ 'ਚ ਮੇਰੀ ਆ ਕੇ।

ਕੋਹਾਂ ਤੋਂ ਲਿਸ਼ਕ ਜਿਸਦੀ ਆਵਾਜ਼ ਮਾਰਦੀ ਸੀ,
ਸਾਗਰ ਉਹ ਰੇਤ ਦਾ ਸੀ ਤੱਕਿਆ ਮੈਂ ਨੇੜ ਜਾ ਕੇ।

ਲਫ਼ਜ਼ਾਂ ਤੇ ਸੁਰ ਨੇ ਮਿਲਕੇ ਨੇਰ੍ਹੇ ਨੂੰ ਚੀਰਨਾ ਹੈ,
ਖ਼ਾਮੋਸ਼ੀਆਂ ਨੂੰ ਤੋੜੋ ਦਰਦੀਲੀ ਹੇਕ ਲਾ ਕੇ।

ਆਸਾਂ ਉਮੀਦਾਂ ਰੀਝਾਂ ਜੀਵਨ ਦਾ ਆਸਰਾ ਨੇ,
ਦੁੱਖ ਦੀ ਘੜੀ ਨੂੰ ਟਾਲੋ ਇਨ੍ਹਾਂ ਦੀ ਬਾਤ ਪਾ ਕੇ।

ਪੱਥਰ ਉਹ ਰਾਹ ਦਾ ਸੀ ਐਪਰ ਕਮਾਲ ਦਾ ਸੀ,
ਅੱਜ ਜ਼ਿੰਦਗੀ ਜਗੀ ਹੈ ਓਸੇ ਦੀ ਚੋਟ ਖਾ ਕੇ।

ਸਾਂਭ ਕੇ ਕਾਗ਼ਜ਼ ਕਿਤਾਬਾਂ ਕੰਧ 'ਤੇ ਲਿਖਿਆ ਪੜ੍ਹੋ।
ਸਾਂਭ ਕੇ ਕਲਮਾਂ ਦਵਾਤਾਂ ਕੰਧ 'ਤੇ ਲਿਖਿਆ ਪੜ੍ਹੋ।

ਸੇਕ ਮਾਰਨ ਸੁਰਖ਼ੀਆਂ ਅਖ਼ਬਾਰ ਦੀਆਂ ਰੋਜ਼ ਹੀ,
ਅੱਗ ਉਗਲਣ ਵਾਰਦਾਤਾਂ ਕੰਧ 'ਤੇ ਲਿਖਿਆ ਪੜ੍ਹੋ।

ਖ਼੍ਵਾਬ ਵਿਚ ਵੇਖੇ ਨਹੀਂ ਅੱਖਰ ਕਦੇ ਏਨੇ ਉਦਾਸ,
ਰੁੱਤ ਨੇ ਦਿੱਤੀਆਂ ਸੁਗਾਤਾਂ ਕੰਧ 'ਤੇ ਲਿਖਿਆ ਪੜ੍ਹੋ।

ਜ਼ਿੰਦਗੀ ਵਿਚ ਕਿਸ ਤਰ੍ਹਾਂ ਦਾ ਦਖ਼ਲ ਦਿੱਤੈ ਨ੍ਹੇਰਿਆਂ,
ਹੋ ਗਈਆਂ ਬਲਵਾਨ ਰਾਤਾਂ ਕੰਧ 'ਤੇ ਲਿਖਿਆ ਪੜ੍ਹੋ।

ਰਾਤ ਦਿਨ ਮੌਸਮ ਹਵਾਵਾਂ 'ਨ੍ਹੇਰੀਆਂ ਤੇ ਬਿਜਲੀਆਂ,
ਕਿੰਨੀਆਂ ਗੋਤਾਂ ਤੇ ਜ਼ਾਤਾਂ ਕੰਧ 'ਤੇ ਲਿਖਿਆ ਪੜ੍ਹੋ।



ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ।
ਮੇਰੇ ਸਾਹਾਂ 'ਚ ਮਿਸ਼ਰੀ ਘੋਲਦਾ ਹੈ।

ਗੁਆਚੀ ਮਹਿਕ ਸੁੱਚੇ ਰਿਸ਼ਤਿਆਂ ਦੀ,
ਮੇਰਾ ਮਨ ਮਾਰੂਥਲ 'ਚੋਂ ਟੋਲਦਾ ਹੈ।

ਸਣੇ ਤਰਕਸ਼ ਸਮੇਂ ਨੇ ਮਾਰਿਆ ਹਾਂ,
ਮੇਰੇ ਅੰਦਰ ਦਾ ਮਿਰਜ਼ਾ ਬੋਲਦਾ ਹੈ।

ਬੜਾ ਭੋਲਾ ਹੈ ਮਨ ਜੋ ਏਸ ਯੁਗ 'ਚ,
ਥਲਾਂ 'ਚੋਂ ਮਹਿਕ ਸੁੱਚੀ ਟੋਲਦਾ ਹੈ।

ਜਦੋਂ ਵੀ ਫ਼ੋਲਦਾ ਹਾਂ ਖ਼ਤ ਪੁਰਾਣੇ,
ਕਲੇਜਾ ਪਾਰੇ ਵਾਂਗੂੰ ਡੋਲਦਾ ਹੈ।

ਅਰਸ਼ ਵਿਚ ਡਾਰ ਤੱਕ ਮੁਰਗ਼ਾਬੀਆਂ ਦੀ,
ਕੋਈ ਰੇਤੇ 'ਚੋਂ ਪੈੜਾਂ ਟੋਲਦਾ ਹੈ।

✡

ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ।
ਹੋਰ ਕਿਸ ਨੂੰ ਆਖਦੇ ਨੇ ਖ਼ੁਦਕਸ਼ੀ।

ਇਹ ਹਵਾ ਕਿੱਥੋਂ ਕੁਲਹਿਣੀ ਆ ਗਈ,
ਕੰਬਦੇ ਨੇ ਪਿੰਡ ਵੀ ਤੇ ਸ਼ਹਿਰ ਵੀ।

ਛਾਂਗਿਆ ਰੁੱਖਾਂ ਨੂੰ ਜਦ ਤਲਵਾਰ ਨੇ,
ਜੀਂਦੀਆਂ ਟਾਹਣਾਂ ਦੀ ਨਿਕਲੀ ਚੀਕ ਸੀ।

ਵਕਤ ਨੇ ਪੈਰਾਂ 'ਚ ਏਦਾਂ ਮਿੱਧਿਆ,
ਵੈਣ ਵਾਂਗੂੰ ਜਾਪਦੇ ਨੇ ਗੀਤ ਵੀ।

ਕਰਫ਼ੀਊ ਕੈਸਾ ਮਨਾਂ 'ਤੇ ਬਹਿ ਗਿਆ,
ਡਰਦਿਆਂ ਨਿਕਲੇ ਨਾ ਬਾਹਰ ਚੀਕ ਵੀ।



✡

ਹਾਦਸਿਆਂ ਦੀ ਦੁਨੀਆਂ ਅੰਦਰ ਅਜਬ ਹਾਦਸਾ ਵਾਪਰਿਆ।
ਬੰਦ ਬਾਰੀਆਂ, ਬੂਹੇ, ਫਿਰ ਵੀ, ਮੇਰੇ ਘਰ ਉਹ ਪਹੁੰਚ ਗਿਆ।

ਸੂਰਜ ਛੁਪਿਆਂ ਹੀ ਸੀ ਬੁੱਢੇ ਰੁੱਖ ਤੋਂ ਪੰਛੀ ਬੋਲ ਪਿਆ,
ਬਸ ਫਿਰ ਕੀ ਸੀ ਸ਼ਾਮ ਉਦਾਸੀ ਨੇ ਮੈਨੂੰ ਆ ਘੇਰ ਲਿਆ।

ਉਸ ਦਿਨ ਪਿੱਛੋਂ ਸੇਕ ਅੱਗ ਦਾ ਮੇਰਾ ਪਿੰਡਾ ਸਾੜ ਰਿਹਾ,
ਜਿਸ ਦਿਨ ਦਾ ਮੈਂ ਅੱਗ ਵਿਚ ਸੜਦਾ ਸੁਰਖ਼ ਗੁਲਾਬ ਹੈ ਵੇਖ ਲਿਆ।

ਚਿਹਰੇ ਤੇ ਬੇਰੌਣਕੀ ਜੰਮੀ ਉਦਰੇਵੇਂ ਦਾ ਲੇਪ ਜਿਹਾ,
ਜਿਸ ਦਿਨ ਦਾ ਇਕ ਫ਼ੁਲਦਾਨ ਹੈ ਮੇਰੇ ਹੱਥੋਂ ਤਿੜਕ ਗਿਆ।

ਰੁੱਖਾਂ ਵਾਂਗ ਮਨੁੱਖਾਂ ਨੂੰ ਕੀਹ ਵਾਢ ਧਰੀ ਹੈ ਸਮਿਆਂ ਨੇ,
ਮੈਨੂੰ ਜਾਪੇ ਗੋਡਿਆਂ ਕੋਲੋਂ ਮੈਨੂੰ ਕਿਸੇ ਨੇ ਛਾਂਗ ਲਿਆ।

ਪਿੰਡ ਗਏ ਨੂੰ ਘੂਰਦੀਆਂ ਨੇ ਧੂੜਾਂ ਅੱਟੀਆਂ ਰਾਹਵਾਂ।
ਵਾਂਗ ਬਿਗਾਨੇ ਝਾਕਦੀਆਂ ਨੇ ਕੰਧਾਂ, ਧੁੱਪਾਂ, ਛਾਵਾਂ।

ਅਮਰ ਵੇਲ ਨੇ ਘੇਰ ਲਿਆ ਹੈ ਵਾਂਗ ਦਰਖ਼ਤਾਂ ਮੈਨੂੰ,
ਸਾਹ ਤੇ ਸੋਚ ਜਕੜ ਲਈ ਜਾਪੇ ਕੱਸੀਆਂ ਲੱਤਾਂ ਬਾਹਵਾਂ।

ਇਸ ਰੁੱਤੇ ਜੇ ਪੌਣ ਉਦਾਸੀ ਨਾ ਕਰ ਸ਼ਿਕਵਾ ਕੋਈ,
ਹਉਕੇ ਭਰ ਵਿਰਲਾਪ ਕਰਦੀਆਂ ਸਭ ਰੁੱਖਾਂ ਦੀਆਂ ਛਾਵਾਂ।

ਸੁਪਨ-ਸਿਰਜਣਾ ਕਰਾਂ ਮੈਂ ਕਿੱਥੇ ਆਲ ਦੁਆਲੇ ਤਾਰਾਂ,
ਬੇਆਬਾਦ ਘਰਾਂ 'ਚੋਂ ਕਿਸਦੀ ਕੁੰਡੀ ਜਾ ਖੜਕਾਵਾਂ।

ਨਾਗ ਜ਼ਰੀਲੇ ਕੱਢ ਵਰਮੀਆਂ ਬੈਠੇ ਚੌਂਕ ਚੁਰਾਹੇ,
ਜ਼ਹਿਰ ਭਿੱਜੀਆਂ ਵਗਦੀਆਂ ਨੇ ਤਾਂ ਹੀ ਸਰਦ ਹਵਾਵਾਂ।



ਅਪਣੇ ਆਲ-ਦੁਆਲੇ ਤਣਿਆ ਹੋਇਆ ਜੋ ਧੂੰਆਂ ਤਾਂ ਦੇਖ।
ਇਸ ਧੂੰਏਂ ਦੇ ਪੈਰਾਂ ਹੇਠਾਂ ਇਕ ਬੁਝਿਆ ਚਿਹਰਾ ਤਾਂ ਦੇਖ।

ਬੇਬਸ ਬੱਚਾ ਉਲਝ ਗਿਆ ਹੈ ਜੇਕਰ ਪਿਲਚੀ ਡੋਰ ਤੇ ਨਾਲ,
ਕਾਗ਼ਜ਼ ਦੀ ਗੁੱਡੀ ਸੰਗ ਜੁੜਿਆ ਉੱਡਣ ਦਾ ਸੁਪਨਾ ਤਾਂ ਦੇਖ।

ਇਹ ਮੌਸਮ ਦੀ ਕਰਾਮਾਤ ਹੈ ਸਿਖ਼ਰ ਦੁਪਹਿਰ ਹਨੇਰਾ ਹੈ,
ਪਰ ਇਸ ਵੇਲੇ ਸਿਰ 'ਤੇ ਦਗਦਾ ਸੂਰਜ ਦਾ ਗੋਲਾ ਤਾਂ ਦੇਖ।

ਅਪਣੇ ਘਰ ਦੀ ਚਾਰ-ਦੀਵਾਰੀ ਤੋਂ ਵੀ ਬਾਹਰ ਝਾਕ ਜ਼ਰਾ,
ਪਰਛਾਵੇਂ ਤੋਂ ਡਰਨ ਵਾਲਿਆ ਉੱਚਾ ਕੱਦ ਅਪਣਾ ਤਾਂ ਦੇਖ।

ਇਸ ਪਰਬਤ ਨੂੰ ਤੋੜ ਸਕਣ ਦਾ ਸਾਡਾ ਦਾਅਵਾ ਕੋਈ ਨਹੀਂ,
ਬੱਸ ਫਰਹਾਦ ਨੇ ਹੱਥਾਂ ਵਿਚ ਜੋ ਫੜਿਆ ਹੈ ਤੇਸਾ ਤਾਂ ਦੇਖ।

✪

ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ ਅਖ਼ਬਾਰਾਂ ਨੂੰ।
ਫਿਰ ਕਾਹਦੇ ਲਈ ਖ਼ਤਰਾ ਜਾਪੇ ਮੇਰੇ ਤੋਂ ਸਰਕਾਰਾਂ ਨੂੰ।

ਡਰਦਾ ਮਾਰਾ 'ਵਾਜ਼ ਨਾ ਕੱਢਾਂ ਬੂਹਾ ਖੜਕੇ ਘੜੀ ਮੁੜੀ,
ਕੰਨ ਵਲ੍ਹੇਟੀ ਸੁਣਦਾ ਹਾਂ ਮੈਂ ਯਾਰ ਦੀਆਂ ਫਿਟਕਾਰਾਂ ਨੂੰ।

ਵਿਰਲਾਂ ਥਾਣੀਂ ਬਲਦਾ ਸੂਰਜ ਜਦ ਚਾਨਣ ਜਾਂ ਸੇਕ ਦਏ,
ਨਿੱਘ ਦੀ ਖ਼ਾਤਰ ਜੀਅ ਕਰਦਾ ਏ ਡੇਗ ਦਿਆਂ ਦੀਵਾਰਾਂ ਨੂੰ।

ਅਪਣਾ ਆਪ ਲੁਕਾ ਕੇ ਭਾਵੇਂ ਪਿੰਜਰੇ ਦੇ ਵਿਚ ਵਾਸ ਕਰਾਂ,
ਉੱਡਣ ਦੀ ਸਿਖਲਾਈ ਦੇਵਾਂ ਪਰ-ਕਟਿਆਂ ਦੀਆਂ ਡਾਰਾਂ ਨੂੰ।

ਸ਼ਹਿਰ ਵੜਦਿਆਂ ਲੈਣ ਤਲਾਸ਼ੀ ਹਾਕਮ ਦੇ ਕਾਰਿੰਦੇ ਹੁਣ,
ਕਾਗ਼ਜ਼ ਕਲਮ ਦਵਾਤ ਲੁਕਾ ਲਾਂ ਖ਼ਤਰਨਾਕ ਹਥਿਆਰਾਂ ਨੂੰ।

ਮੀਲਾਂ ਤੀਕ ਉਦਾਸੀ ਦਾ ਥਲ ਮਾਰੂ ਅੱਗ ਵਰ੍ਹਾਏਗਾ,
ਆਪੋ ਆਪਣੇ ਘਰਾਂ 'ਚੋਂ ਰੋਕੋ ਅਗਨੀ ਦੇ ਵਿਸਥਾਰਾਂ ਨੂੰ।



✪

ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ ਦਾ ਇਤਿਹਾਸ ਲਿਖੋ।
ਵਰਕਾ ਵਰਕਾ ਜੋੜ ਜੋੜ ਕੇ ਜ਼ਖ਼ਮਾਂ ਦਾ ਇਤਿਹਾਸ ਲਿਖੋ।

ਬਾਗ਼-ਬਗ਼ੀਚੇ ਅੱਗ ਦੀ ਭੇਟਾ, ਬਿਰਖ ਚਿਤਾਵਾਂ ਵਿਚ ਸੜੇ,
ਗ਼ਰਮ ਰਾਖ਼ ਦਾ ਹਿੱਸਾ ਬਣੀਆਂ ਲਗਰਾਂ ਦਾ ਇਤਿਹਾਸ ਲਿਖੋ।

ਇਹ ਕੈਸੀ ਬਰਸਾਤ ਛਾਨਣੀ ਧਰਤੀ ਮਾਂ ਦਾ ਸੀਨਾ ਹੈ,
ਕੋਰੇ ਸਫ਼ੇ ਉਡੀਕ ਰਹੇ ਨੇ ਜ਼ੁਲਮਾਂ ਦਾ ਇਤਿਹਾਸ ਲਿਖੋ।

ਤਣੇ ਹੋਏ ਮੁੱਕੇ ਨੂੰ ਆਖੋ ਹੋਸ਼ ਨਾਲ ਸਮਤੋਲ ਕਰੇ,
ਸੰਗਰਾਮੀ ਦੀ ਚਾਲ ਤੁਰਦਿਆਂ ਕਦਮਾਂ ਦਾ ਇਤਿਹਾਸ ਲਿਖੋ।

ਅੱਜ ਦੀ ਰਾਤ ਭਿਆਨਕ ਕਾਲੀ ਅੱਗੇ ਨਾਲੋਂ ਵੱਧ ਕੇ ਹੈ,
ਚੁੱਪ ਚੁਪੀਤੇ ਘਰ ਨਾ ਬੈਠੋ ਫ਼ਰਜ਼ਾਂ ਦਾ ਇਤਿਹਾਸ ਲਿਖੋ।

ਕਲਮਾਂ ਬੁਰਸ਼ ਤੇ ਸਾਜ਼ ਵਾਲਿਓ ਇਸ ਮੌਸਮ ਦਾ ਫ਼ਿਕਰ ਕਰੋ,
'ਸੱਚ ਕੀ ਬੇਲਾ' ਹੱਕ ਨਿਤਾਰੋ ਕੰਧਾਂ ਦਾ ਇਤਿਹਾਸ ਲਿਖੋ।

✪

ਉਹ ਜਿਸ ਤੋਂ ਸਾਰਾ ਜੱਗ ਡਰਦਾ ਪਿਆ ਸੀ।
ਉਹ ਬੀਤੀ ਰਾਤ ਮੇਰੇ ਘਰ ਰਿਹਾ ਸੀ।

ਜੋ ਰਾਤੀਂ ਸਭ ਤੋਂ ਵਧ ਕੇ ਲਿਸ਼ਕਦਾ ਸੀ,
ਉਹ ਤਾਰਾ ਮੈਂ ਵੀ ਟੁੱਟਦਾ ਵੇਖਿਆ ਸੀ।

ਉਨ੍ਹਾਂ ਦੇ ਪੁੱਤ ਦੀ ਥਾਂ ਰਾਖ ਪਰਤੂ,
ਉਡੀਕਣ ਵਾਲਿਆਂ ਨੂੰ ਕੀ ਪਤਾ ਸੀ।

ਹਨੇਰੀ ਰਾਤ ਵਿਚ ਮਨ ਲੋਚਦਾ ਹੈ,
ਬੜਾ ਹੀ ਜੁਗਨੂੰਆਂ ਦਾ ਆਸਰਾ ਸੀ।

ਉਹ ਘਿਰਿਆ ਸੀ ਜਦੋਂ ਫੁੱਲਾਂ ਦੇ ਅੰਦਰ,
ਮੇਰੇ ਭਾਅ ਦਾ ਤਾਂ ਬਿਲਕੁਲ ਮਰ ਗਿਆ ਸੀ।

ਇਹ ਸੰਨਾਟਾ ਉਦਾਸੀ ਪੌਣ ਕਹਿਰੀ,
ਦੋਹਾਂ ਦਾ ਰੂਪ ਮੇਰੇ ਘਰ ਜਿਹਾ ਸੀ।

ਮਿਰਗ ਤੋਂ ਤੇਜ਼ ਭੱਜ ਕੇ ਬਚ ਗਿਆ ਹਾਂ,
ਸ਼ਿਕਾਰੀ ਮੇਰੇ ਪਿੱਛੇ ਆ ਪਿਆ ਸੀ।



✪

ਮੈਂ ਤੰਬੂ ਹੇਠ ਮਰ ਚੱਲਿਆਂ, ਕਿਸੇ ਨੇ ਵੱਢੀਆਂ ਤਣੀਆਂ।
ਇਕੱਲੀ ਜਾਨ ਤੇ ਲੱਖਾਂ ਕਰੋੜਾਂ ਮੁਸ਼ਕਲਾਂ ਬਣੀਆਂ।

ਅਸੀਂ ਤਪਦੇ ਮਹੀਨੇ ਮੰਗਿਆ ਸੀ ਮੇਘਲਾ ਤੈਥੋਂ,
ਤੂੰ ਸਾਨੂੰ ਬਖ਼ਸ਼ੀਆਂ ਤੇਜ਼ਾਬ ਦੇ ਬੱਦਲ ਦੀਆਂ ਕਣੀਆਂ।

ਅਸੀਂ ਵਰਮੀ ਦੇ ਅੰਦਰ ਹੱਥ ਪਾ ਕੇ ਵੇਖ ਆਏ ਹਾਂ,
ਸਿਰਾਂ ਨੂੰ ਪੀੜਿਆਂ ਬਿਨ ਮਿਲਣ ਨਾ ਨਾਗਾਂ ਦੀਆਂ ਮਣੀਆਂ।

ਮੇਰੀ ਗ਼ੈਰਤ ਕਦੇ ਵੀ ਹਾਕਮਾਂ ਨੂੰ ਰਾਸ ਨ੍ਹੀਂ ਆਉਂਦੀ,
ਇਸੇ ਕਰਕੇ ਮੇਰੀ ਹਿੱਕ ਤੇ ਸੰਗੀਨਾਂ ਰਹਿੰਦੀਆਂ ਤਣੀਆਂ।

ਇਹ ਕਿੱਧਰ ਤੁਰ ਪਿਆ ਹੈ ਵਕਤ ਵੇਖੋ ਤੇ ਜ਼ਰਾ ਸੋਚੋ,
ਹਿਲਾਵੇ ਤਾਰ ਕਿਹੜਾ ਬੈਠ ਕਿੱਥੇ ਖਿੱਚਦਾ ਤਣੀਆਂ।

ਅਸੀਂ ਪੁਤਲੀ ਦੇ ਵਾਂਗੂੰ ਰਾਤ ਦਿਨ ਹਾਂ ਨੱਚਦੇ ਯਾਰੋ,
ਨਚਾਵੇ ਬਣ ਮਦਾਰੀ ਵੇਖ ਲੌ ਇਹ ਵਕਤ ਦਾ ਬਣੀਆ।

ਉਨ੍ਹਾਂ ਨੂੰ ਕੀ ਪਤਾ ਹੈ ਤਿਤਲੀਆਂ ਦੀ ਮੌਤ ਦੇ ਬਾਰੇ,
ਜਿਨ੍ਹਾਂ ਦੇ ਨੇਤਰਾਂ 'ਚ ਪੁਤਲੀਆਂ ਪੱਥਰ ਦੀਆਂ ਬਣੀਆਂ।

ਉਲਝ ਗਿਆ ਹੈ ਤਾਣਾ ਬਾਣਾ।
ਸਮਝ ਨ ਆਵੇ ਕਿੱਧਰ ਜਾਣਾ।

ਡੱਡੀਆਂ ਮੱਛੀਆਂ ਖਾਵੇ ਬਗਲਾ,
ਅੱਖਾਂ ਮੀਟ ਕੇ ਬੀਬਾ ਰਾਣਾ।

ਚੋਰ - ਉਚੱਕੇ ਬੁੱਲੇ ਲੁੱਟਣ,
ਹਰ ਕੁਰਸੀ ਨੂੰ ਕਰਕੇ ਕਾਣਾ।

ਡਾਢਿਆਂ ਅੱਗੇ ਜ਼ੋਰ ਨਾ ਚੱਲੇ,
ਇਹੀ ਹੁੰਦੈ ਰੱਬ ਦਾ ਭਾਣਾ।

ਜਾਬਰ ਦੀ ਚੱਕੀ ਵਿਚ ਸਾਡਾ,
ਪਿਸ ਚੱਲਿਆ ਹੈ ਦਾਣਾ ਦਾਣਾ।

ਰੋਜ਼ ਮੁਖੌਟੇ ਬਦਲ ਬਦਲ ਕੇ,
ਰਾਜ ਕਰੇ ਹਿਟਲਰ ਦਾ ਲਾਣਾ।

ਮਨ ਦੀ ਕਾਲਖ ਲੁਕਦੀ ਨਾਹੀਂ,
ਭਾਵੇਂ ਪਹਿਨੋ ਚਿੱਟਾ ਬਾਣਾ।



ਸੁਪਨ-ਪਰਿੰਦੇ ਕਿਉਂ ਫੜ ਫੜ ਕੇ ਕਰਦਾ ਹੈਂ ਕਤਲਾਮ ਜਿਹਾ।
ਰੋਜ਼ ਰਾਤ ਨੂੰ ਸੁਣਦਾ ਨ੍ਹੀਂ ਤੂੰ ਘੁੱਗੀਆਂ ਦਾ ਕੋਹਰਾਮ ਜਿਹਾ।

ਰੰਗ ਬਰੰਗੀਆਂ ਪਕੜ ਤਿਤਲੀਆਂ ਵਿਚ ਕਿਤਾਬਾਂ ਕੈਦ ਕਰੇਂ,
ਸ਼ੌਕ ਅਵੱਲਾ ਇਹ ਤੇਰਾ ਹੁਣ ਹੋ ਚਲਿਆ ਬਦਨਾਮ ਜਿਹਾ।

ਦਹਿਸ਼ਤ ਵਹਿਸ਼ਤ ਅਕਲੋਂ ਸ਼ਕਲੋਂ ਸਕੀਆਂ ਭੈਣਾਂ ਜਾਪਦੀਆਂ,
ਇਹਨਾਂ ਨੇ ਪੰਜਾਬ ਬਣਾਇਆ ਹੁਣ ਤਾਂ ਦੂਜੀ ਲਾਮ ਜਿਹਾ।

ਨੇਰ੍ਹ ਸਾਈਂ ਦਾ ਜੋਤਸ਼ੀਆਂ ਦੇ ਨਾਲ ਜੋਟੀਆਂ ਪਾ ਬੈਠਾ,
ਆਸ ਦਾ ਸੂਰਜ ਲੱਗਦਾ ਸੀ ਜੋ ਸਾਨੂੰ ਲਾਲ ਸਲਾਮ ਜਿਹਾ।

ਅਦਲ ਸਮੇਂ ਦਾ ਯਾਰੋ ਦੇਖੋ ਕਿੱਥੋਂ ਕਿੱਥੇ ਜਾ ਪਹੁੰਚਾ,
ਪਾਗਲ ਕਹਿਕੇ ਗੋਲੀ ਮਾਰਨ ਕਰ ਦੇਵਣ ਬਦਨਾਮ ਜਿਹਾ।

ਨਿੰਮੋਝੂਣ ਉਦਾਸਿਆ ਸੂਰਜ ਸੋਚਾਂ ਦੇ ਖੂਹ ਡੁੱਬ ਚੱਲਿਆ,
ਸੁਬ੍ਹਾ ਸਵੇਰੇ ਸਿਖ਼ਰ ਦੁਪਹਿਰੇ ਲੱਗਦਾ ਸੀ ਜੋ ਸ਼ਾਮ ਜਿਹਾ।

ਖ਼ਬਰੇ ਕਿਸ ਦਿਨ ਸੁੱਤੇ ਲੋਕੀਂ ਗੂੜ੍ਹੀ ਨੀਂਦ ਚੋਂ ਜਾਗਣਗੇ,
ਹੱਕ ਅਤੇ ਇਨਸਾਫ਼ ਦੀ ਖ਼ਾਤਰ ਛੇੜਣਗੇ ਸੰਗਰਾਮ ਜਿਹਾ।

✪

ਹਰ ਪਾਸੇ ਹਥਿਆਰ ਬੇਲੀਆ।
ਕਰਦੇ ਮਾਰੋ ਮਾਰ ਬੇਲੀਆ।

ਮੈਂ ਵਰ੍ਹਿਆਂ ਤੋਂ ਲੱਭਦਾ ਫਿਰਨਾਂ,
ਕਿੱਥੇ ਹੈ ਸਰਕਾਰ ਬੇਲੀਆ?

ਲੱਤਾਂ ਹੀ ਨਾ ਭਾਰ ਸੰਭਾਲਣ,
ਡਿੱਗਿਆ ਮੂੰਹ ਦੇ ਭਾਰ ਬੇਲੀਆ।

ਪੰਛੀ ਨਹੀਂ ਇਹ ਅਰਸ਼ 'ਤੇ ਉਡਦੀ
ਹੈ ਖੰਭਾਂ ਦੀ ਡਾਰ ਬੇਲੀਆ।

ਜਿਸਮ ਅਸਾਡਾ ਟੁੱਕੀ ਜਾਵੇ,
ਆਪਣੀ ਹੀ ਤਲਵਾਰ ਬੇਲੀਆ।

ਟੂਣੇ ਵਾਂਗ ਬਰੂਹੀਂ ਡਿੱਗੇ,
ਰੋਜ਼ਾਨਾ ਅਖ਼ਬਾਰ ਬੇਲੀਆ।

ਮੋਏ ਮੁੱਕਰੇ ਇਕ ਬਰਾਬਰ,
ਭੁੱਲੇ ਕੌਲ ਕਰਾਰ ਬੇਲੀਆ।

ਸ਼ਗਨਾਂ ਦੀ ਫੁਲਕਾਰੀ ਹੁਣ ਤਾਂ,
ਹੋ ਗਈ ਤਾਰੋ ਤਾਰ ਬੇਲੀਆ।



✪

ਅੱਜ ਚਾਰੇ ਪਾਸੇ ਹੋਣ ਹਥਿਆਰ ਦੀਆਂ ਗੱਲਾਂ।
ਕੋਈ ਟਾਵਾਂ-ਟਾਵਾਂ ਕਰਦਾ ਏ ਪਿਆਰ ਦੀਆਂ ਗੱਲਾਂ।

ਮੈਨੂੰ ਘੂਰ ਘੂਰ ਵੇਖਦੇ ਨੇ ਜੰਗਲੀ ਜਨੌਰ,
ਸ਼ੁਰੂ ਕਰਦਾ ਹਾਂ ਜਦੋਂ ਵੀ ਬਹਾਰ ਦੀਆਂ ਗੱਲਾਂ।

ਰਣਭੂਮੀਆਂ ਦਾ ਚੌਂਕੇ ਤਾਈਂ ਹੋਇਆ ਵਿਸਥਾਰ,
ਹੋਣ ਲੱਗ ਪਈਆਂ ਏਥੇ ਜਿੱਤ ਹਾਰ ਦੀਆਂ ਗੱਲਾਂ।

ਲੋਹਾ ਕੁੱਟਿਆਂ ਬਗ਼ੈਰ ਹਥਿਆਰ ਨਹੀਂ ਬਣੇ,
ਇਹ ਲੋਹਾਰ ਦੀਆਂ ਗੱਲਾਂ ਨੇ ਬੇਕਾਰ ਦੀਆਂ ਗੱਲਾਂ।

ਕੋਈ ਵੇਚਦਾ ਈਮਾਨ ਕੋਈ ਤਾਰੇ ਉਹਦਾ ਮੁੱਲ,
ਸਣੇ ਸਿਰ ਪੱਗ ਹੋ ਗਈਆਂ ਵਪਾਰ ਦੀਆਂ ਗੱਲਾਂ।

ਜਦੋਂ ਆਪਣਾ ਹੀ ਸਾਇਆ ਸੰਗ-ਸਾਥ ਛੱਡ ਜਾਏ,
ਉਦੋਂ ਮੰਨਦਾ ਹੈ ਕਿਹੜਾ ਇਤਬਾਰ ਦੀਆਂ ਗੱਲਾਂ।

ਇਕੋ ਥਾਲੀ ਵਿਚ ਖਾਂਦਿਆਂ ਕੀ ਸੱਪ ਲੜ ਗਿਆ,
ਦੋਵੇਂ ਕਰਦੇ ਨੇ ਵੱਖੋ-ਵੱਖ ਯਾਰ ਦੀਆਂ ਗੱਲਾਂ।

ਫੁੱਲ ਬੀਜੀਏ ਤੇ ਪਾਲੀਏ ਸੁਗੰਧ ਵੰਡ ਦੇਈਏ,
ਚੰਗੇ ਲੋਕ ਸਦਾ ਕਰਦੇ ਵਿਚਾਰ ਦੀਆਂ ਗੱਲਾਂ।

✪

ਇਨ੍ਹਾਂ ਤਾਂ ਫੁੱਲ ਬਣਕੇ ਮਹਿਕਣਾ ਸੀ।
ਤੂੰ ਕਾਹਨੂੰ ਡੋਡੀਆਂ ਨੂੰ ਤੋੜਨਾ ਸੀ।

ਜੇ ਤੇਰੇ ਮਨ 'ਚ ਸ਼ੰਕਾ ਬੋਲਣਾ ਸੀ,
ਤੂੰ ਮੈਨੂੰ ਆਪਣਾ ਕਿਉਂ ਆਖਣਾ ਸੀ।

ਜੋ ਰੇਤਾ ਲਿਸ਼ਕਦੀ ਦਰਿਆ ਤੂੰ ਸਮਝੀ,
ਇਹ ਤੇਰੇ ਮਨ ਦੀ ਅੰਨ੍ਹੀ ਭਟਕਣਾ ਸੀ।

ਜੇ ਤਪਦੇ ਥਲ 'ਚ ਸੂਰਜ ਵੀ ਨਾ ਹੁੰਦਾ,
ਤੂੰ ਆਪਣੀ ਛਾਂ ਲਈ ਵੀ ਤਰਸਣਾ ਸੀ।

ਮੈਂ ਪਿਆਲਾ ਜ਼ਹਿਰ ਦਾ ਕਿੱਦਾਂ ਨਾ ਪੀਂਦਾ,
ਤੇਰੇ ਬਿਨ ਕਿਸਨੇ ਮੈਨੂੰ ਵਰਜਣਾ ਸੀ।

ਇਦ੍ਹੇ ਲੋਕਾਂ ਨੇ ਸੌ ਸੌ ਅਰਥ ਕੱਢੇ,
ਮੇਰੇ ਮਨ ਦੀ ਤਾਂ ਇੱਕੋ ਵੇਦਨਾ ਸੀ।

ਤੂੰ ਸੁਪਨੇ ਵਿਚ ਜੇ ਦਸਤਕ ਨਾ ਦੇਂਦਾ,
ਮੈਂ ਕਿਥੇ ਗੂੜ੍ਹੀ ਨੀਂਦੋਂ ਜਾਗਣਾ ਸੀ।

ਜੋ ਸਾਨੂੰ ਘੂਰਦਾ ਸੀ ਸ਼ੀਸ਼ਿਆਂ ਵਿੱਚੋਂ,
ਉਹ ਚਿਹਰਾ ਤਾਂ ਮੇਰਾ ਹੀ ਆਪਣਾ ਸੀ।

ਜੇ ਕਾਲੀ ਰਾਤ ਨ ਅੰਬਰ 'ਤੇ ਪੈਂਦੀ,
ਮੈਂ ਕਿਥੇ ਚੰਨ ਵਾਂਗੂੰ ਚਮਕਣਾ ਸੀ।



✪

ਜ਼ਾਲਮ ਦੇ ਅੱਗੇ ਤਾਂ ਅੜੀਏ।
ਭਾਵੇਂ ਪੈਂਦੀ ਸੱਟੇ ਝੜੀਏ।

ਵਕਤ ਗੁਆਚਾ ਹੱਥ ਨ ਆਉਣਾ,
ਕੰਧਾਂ ਉੱਪਰ ਲਿਖਿਆ ਪੜ੍ਹੀਏ।

ਆਪਾਂ ਕਿਉਂ ਨਹੀਂ ਛਾਂ ਬਣ ਜਾਂਦੇ,
ਕਾਹਦੀ ਖ਼ਾਤਰ ਅੱਗ ਵਿਚ ਸੜੀਏ।

ਲਿਸ਼ਕਣਹਾਰ ਮੁਲੰਮੇ ਤਨ ਦੇ,
ਮਨ ਦੀ ਬੋਲੀ ਕਿਥੋਂ ਪੜ੍ਹੀਏ।

ਟੋਟੇ ਟੋਟੇ ਹੋਣ ਤੋਂ ਪਹਿਲਾਂ,
ਤਲਖ਼ ਸਮੇਂ ਦੇ ਤੱਕੜ ਚੜ੍ਹੀਏ।

ਉੱਚੇ ਘਰ ਦੀ ਮਮਟੀ ਉੱਤੇ,
ਪੌੜੀ ਪੌੜੀ ਕਰਕੇ ਚੜ੍ਹੀਏ।

ਮਨ ਤਾਂ ਘੁੰਮੇ ਦੇਸ਼ ਦੇਸ਼ੰਤਰ,
ਤਨ ਦੀ ਮਿੱਟੀ ਕਿੱਥੇ ਖੜੀਏ।

ਬਾਗਬਾਨ ਨੇ ਕੰਡੇ ਬੀਜੇ,
ਆਓ ਫੁੱਲਾਂ ਖ਼ਾਤਰ ਲੜੀਏ।

ਭਾਵੇਂ ਲੱਖ ਹਿਝੋਕੇ ਵੱਜਣ,
ਟੁੱਟੀਂ ਨਾ ਤੂੰ ਸਾਂਝ ਦੀ ਕੜੀਏ।

ਆਪੋ ਆਪਣੀ ਚੁੱਪ ਤੋਂ ਡਰੀਏ।
ਸ਼ਾਮ ਸਵੇਰੇ ਹੌਕੇ ਭਰੀਏ।

ਧਰਤੀ ਪੀਤਾ ਸਾਰਾ ਪਾਣੀ,
ਮਾਰੂਥਲ ਵਿਚ ਕੀਕਣ ਤਰੀਏ।

ਕਾਲੇ ਸਾਏ ਚਾਰ ਚੁਫ਼ੇਰੇ,
ਨਾ ਹੀ ਜੀਂਦੇ ਨਾ ਹੀ ਮਰੀਏ।

ਵਾਹ ਕੇ ਕਾਗ਼ਜ਼ ਉੱਪਰ ਲੀਕਾਂ,
ਮਨ ਦੇ ਖ਼ਾਲੀ ਕੋਨੇ ਭਰੀਏ।

ਚਿੜੀ ਆਖਦੀ ਜਾਗ ਮੁਸਾਫ਼ਰ,
ਕੁਝ ਤਾਂ ਪੈਂਡਾ ਖੋਟਾ ਕਰੀਏ।

ਤਨ 'ਤੇ ਨਿੱਘਾ ਕੋਟ ਸਵੈਟਰ,
ਮਨ ਦੇ ਪਾਲੇ ਕਰਕੇ ਠਰੀਏ।

ਮਨ ਦੀ ਬੱਤੀ ਬਾਲ ਬਾਲ ਕੇ,
ਚਾਰ ਚੁਫ਼ੇਰੇ ਚਾਨਣ ਕਰੀਏ।

ਡਾਢੀ ਤੇਜ਼ ਹਨੇਰੀ ਫਿਰ ਵੀ,
ਆ ਮਮਟੀ 'ਤੇ ਦੀਵਾ ਧਰੀਏ।



ਜਦ ਤੋਂ ਹੋਰ ਜ਼ਮਾਨੇ ਆਏ ਬਦਲੇ ਨੇ ਹਾਲਾਤ ਮੀਆਂ।
ਸਾਡੇ ਪਿੰਡ ਤਾਂ ਚਾਰ ਵਜੇ ਹੀ ਪੈ ਜਾਂਦੀ ਏ ਰਾਤ ਮੀਆਂ।

ਏਸ ਘਰ ਦੀਆਂ ਨੀਹਾਂ ਦੇ ਵਿਚ ਸਿਰ ਰੱਖੇ ਸੀ ਏਸ ਲਈ,
ਪੁੱਤ ਪੋਤਰੇ ਵਾਸ ਕਰਨਗੇ ਜਦ ਆਊ ਬਰਸਾਤ ਮੀਆਂ।

ਰੋਜ਼ ਦਿਹਾੜੀ ਸਥੱਰ ਵਿਛਦੇ ਕੀਰਨਿਆਂ ਦੀ 'ਵਾਜ ਸੁਣੇ,
ਇਕ ਇਕ ਕਰਕੇ ਕਤਲ ਹੋ ਰਹੇ ਹੁਣ ਮੇਰੇ ਜਜ਼ਬਾਤ ਮੀਆਂ।

ਰਾਜ ਭਵਨ ਦੇ ਵਾਸੀ ਸੱਜਣਾ ਤੂੰ ਵੀ ਬਾਹਰ ਝਾਕ ਜ਼ਰਾ,
ਕਈ ਵਰ੍ਹਿਆਂ ਤੋਂ ਇਸ ਬਸਤੀ ਵਿਚ ਨਹੀਂ ਆਈ ਪ੍ਰਭਾਤ ਮੀਆਂ।

ਮੇਰੀ ਚੀਖ਼ ਸੁਣਦਿਆਂ ਲੋਕਾਂ ਜਾਗ ਅਤੇ ਸੰਘਰਸ਼ ਵੀ ਕਰ,
ਆਪਣੇ ਆਪ ਨਹੀਂ ਇਹ ਮੁੱਕਣੀ ਗ਼ਮ ਦੀ ਕਾਲੀ ਰਾਤ ਮੀਆਂ।

ਆਪੋ ਅਪਣਾ ਜ਼ਹਿਰ ਪਿਆਲਾ ਪੀਣਾ ਪੈਣੈਂ ਹਮ ਸਫ਼ਰੋ,
ਹਰ ਵਾਰੀ ਨਹੀਂ ਆਉਂਦਾ ਹੁੰਦਾ ਧਰਤੀ 'ਤੇ ਸੁਕਰਾਤ ਮੀਆਂ।

ਜਿਹੜੇ ਵੇਲੇ ਚੋਗਾ ਚੁਗ ਕੇ ਪੰਛੀ ਘਰ ਨੂੰ ਮੁੜਦੇ ਨੇ,
ਇਕ ਦੂਜੇ ਤੋਂ ਲੁਕਦੇ ਫਿਰੀਏ ਮੈਂ ਤੇ ਮੇਰੀ ਜ਼ਾਤ ਮੀਆਂ।

ਮੈਂ ਤਾਂ ਏਸ ਚੌਰਾਹੇ ਦੇ ਵਿਚ ਬਲਦਾ ਦੀਵਾ ਧਰ ਚੱਲਿਆਂ,
ਲਾਟ ਬਚਾਇਓ ਨੇਰ੍ਹੀ ਕੋਲੋਂ ਸਿਰ 'ਤੇ ਕਾਲੀ ਰਾਤ ਮੀਆਂ।

ਗਲੀਆਂ ਸੁੰਨ ਮਸੁੰਨੀਆਂ ਬੂਹੇ ਚੌੜ ਚਪੱਟ।
ਪਿੱਛੇ ਉੱਡਦੀ ਧੂੜ ਹੈ ਅੱਗੇ ਮਿਰਜ਼ਾ ਜੱਟ।

ਵਗੇ ਤਰ੍ਹੀਰੀ ਖ਼ੂਨ ਦੀ ਚਿਹਰਾ ਜ਼ਰਦ ਵਸਾਰ,
ਡਾਢੀ ਔਖੀ ਝੱਲਣੀ ਯਾਰੋ ਸਿਰ ਦੀ ਸੱਟ।

ਛਿੰਜਾਂ ਵਿਚ ਬੇਰੌਣਕੀ ਕੌਡ-ਕਬੱਡੀ ਚੁੱਪ,
ਹੁਣ ਨਾ ਪੈਲਾਂ ਪੇਲਦੇ ਮੋਰਾਂ ਵਾਲੇ ਪੱਟ।

ਸੁਣ ਨੀ ਚਾਤਰ ਕੁਰਸੀਏ ਕੌਣ ਕਰੂ ਇਤਬਾਰ,
ਥੁੱਕੇਂ ਆਪ ਨਿਗੱਲੀਏ ਆਪੇ ਲਏਂ ਤੂੰ ਚੱਟ।

ਪੁੜੀਆਂ ਦੇ ਦੇ ਥੱਕ ਗਏ ਕਿੰਨੇ ਵੈਦ ਹਕੀਮ,
ਕਰਕ ਕਲੇਜੇ ਰੜਕਦੀ ਡੂੰਘੇ ਦਿਲ ਦੇ ਫੱਟ।

ਧੂਤੂ ਤੇਰੇ ਕੋਲ ਨੇ ਰੱਜ ਕੇ ਸਾਨੂੰ ਨਿੰਦ,
ਪਰ ਇਕ ਵਾਰੀ ਆਪ ਨੂੰ ਛੱਜ ਵਿਚ ਪਾ ਕੇ ਛੱਟ।

ਜੰਗਲ ਦੇ ਵਿਚ ਜੀਣ ਦਾ ਤੈਨੂੰ ਹੀ ਸੀ ਝੱਲ,
ਦਿਲ ਨ੍ਹੀਂ ਛੋਟਾ ਕਰੀਦਾ ਸਿਰ ਤੇ ਬਣੀਆਂ ਕੱਟ।



ਨਾ ਉਹ ਆਰ ਦੇ ਰਹੇ ਤੇ ਨਾ ਉਹ ਪਾਰ ਦੇ ਰਹੇ।
ਜਿਹੜੇ ਕੰਢੇ ’ਤੇ ਖਲੋਤੇ ’ਵਾਜਾਂ ਮਾਰਦੇ ਰਹੇ।

ਉਹਨਾਂ ਡੋਬੇ ਨੇ ਮੁਸਾਫਰਾਂ ਦੇ ਪੂਰ ਦਰ ਪੂਰ,
ਜਿਹੜੇ ਬੇੜੀਆਂ ਵੀ ਖ਼੍ਵਾਬਾਂ ਵਿਚ ਤਾਰਦੇ ਰਹੇ।

ਖ਼ੌਰੇ ਕਿੱਸਰਾਂ ਪਸੀਜਣੇ ਸੀ ਪੱਥਰਾਂ ਦੇ ਬੁੱਤ,
ਅਸੀਂ ਹੰਝੂਆਂ ਦੀ ਆਰਤੀ ਉਤਾਰਦੇ ਰਹੇ।

ਕਹਿਰੀ ਹਵਾ ਨੇ ਖਿੰਡਾਇਆ ਕਣ ਕਣ ਉੱਡਿਆ।
ਅਸੀਂ ਕਿਲ੍ਹੇ ਗਿੱਲੀ ਰੇਤ ਦੇ ਉਸਾਰਦੇ ਰਹੇ।

ਕਿਵੇਂ ਜ਼ਿੰਦਗੀ ਦੀ ਅੱਖ ਨਾਲ ਅੱਖ ਉਹ ਮਿਲਾਂਦੇ,
ਬਦਨੀਤ ਜੋ ਝਕਾਨੀਆਂ ਹੀ ਮਾਰਦੇ ਰਹੇ।

ਥੋੜ੍ਹੇ ਲੋਕ ਨੇ ਜੋ ਬਾਲਦੇ ਨੇ ਬੱਤੀਆਂ ਬਨੇਰੇ,
ਬਹੁਤੇ ਰਾਤ ਦੜ ਵੱਟ ਕੇ ਗੁਜ਼ਾਰਦੇ ਰਹੇ।

ਜੀਅ ਕਰਦੈ ਅਪਣੇ ਪਿੰਡ ਜਾ ਕੇ ਚੱਬਾਂ ਦੋਧਾ-ਛੱਲੀਆਂ ਹੂ।
ਵਰ੍ਹਦੇ ਮੀਂਹ ਵਿਚ ਨੰਗਾ ਦੌੜਾਂ ਮਾਰਾਂ ਝੱਲ-ਵਲੱਲੀਆਂ ਹੂ।

ਏਸ ਨਗਰ ਬਨਵਾਸੀ ਹੋਏ ਰੋਜ਼ੀ ਖ਼ਾਤਰ ਆਏ ਸਾਂ,
ਪਿੱਛੇ ਰੋਜ਼ ਉਡੀਕਦੀਆਂ ਨੇ ਮਾਵਾਂ ਕੱਲ-ਮ-ਕੱਲੀਆਂ ਹੂ।

ਅੰਬਰ ਵਿਚੋਂ ਤਾਰਾ ਟੁੱਟ ਕੇ ਖ਼ੌਰੇ ਕਿੱਥੇ ਗਰਕ ਗਿਆ,
ਚੁੰਨੀਆਂ ਰੋਣ ਦੁਹੱਥੜ ਪਿੱਟਣ ਹੋ ਗਈਆਂ ਨੇ ਝੱਲੀਆਂ ਹੂ।

ਕੂੰਜਾਂ ਗਈਆਂ ਦੂਰ ਦੇਸ਼ ਨੂੰ ਬੱਚੇ ਦੇ ਕੇ ਆਈਆਂ ਨਾ,
ਖਾਲਮ ਖਾਲੀ ਆਲ੍ਹਣਿਆਂ ਵਿਚ ਚੁੱਪ ਨੇ ਟੱਲ-ਮ-ਟੱਲੀਆਂ ਹੂ।

ਤੇਰੇ ਭਾਣੇ ਇਕ ਸਿਵਾ ਬਲ ਬੁਝ ਕੇ ਜਲ ਪ੍ਰਵਾਹ ਹੋਵੇ,
ਇਹ ਵੀ ਦੇਖ ਤੂੰ ਕਿਥੋਂ ਤੀਕਰ ਮੱਚਦੀਆਂ ਤਰਥੱਲੀਆਂ ਹੂ।

ਫੂਹੜੀ ਉੱਤੇ ਬਹਿ ਕੇ ਉਹ ਅਫ਼ਸੋਸ ਕਰੇ ਤੇ ਮੁੜ ਜਾਵੇ,
ਕਾਤਲ ਦਾ ਮਸ਼ਗੂਲਾ ਵੇਖੋ ਦੇਵੇ ਆਪ ਤਸੱਲੀਆਂ ਹੂ।

ਜਿੱਧਰ ਵੇਖਾਂ ਹਰ ਥਾਂ ਅੱਗਾਂ ਧਰਤੀ ਦੀ ਹਰਿਔਲ ਸੜੇ,
ਠੰਡੀਆਂ ਪੌਣਾਂ ਰੱਬ ਡਾਢੇ ਨੇ ਕਿਹੜੇ ਪਾਸੇ ਘੱਲੀਆਂ ਹੂ।



ਮੋਈਆਂ ਘੁੱਗੀਆਂ ਚੇਤੇ ਆਈਆਂ ਬਿਸਤਰ ਉਤੇ ਬਹਿੰਦੇ ਨੂੰ।
ਰਾਤ ਬਿਤਾਈ ਕੰਡਿਆਂ ਉੱਤੇ ਉਸਲਵੱਟੇ ਸਹਿੰਦੇ ਨੂੰ।

ਅੱਗ ਵੀ ਸਾੜੇ ਠੰਢ ਵੀ ਠਾਰੇ ਜੰਤ ਜਨੌਰਾਂ ਦਾ ਵੀ ਡਰ,
ਕੱਲੀ ਜਾਨ ਨੂੰ ਲੱਖਾਂ ਕਜੀਏ ਜੰਗਲ ਦੇ ਵਿਚ ਰਹਿੰਦੇ ਨੂੰ।

ਸੁਰਖ਼ਪੋਸ਼ ਇਹ ਰਮਤਾ ਜੋਗੀ ਜਦ ਦਰਿਆ ਨੂੰ ਪਾਰ ਕਰੇ,
ਏਦਾਂ ਜਾਪੇ ਜਿੱਦਾਂ ਸੂਰਜ ਲਹਿ ਚੱਲਿਆ ਹੈ ਲਹਿੰਦੇ ਨੂੰ।

ਮੁੱਕ ਜਾਵਾਂਗੇ ਬਾਂਸ ਵਰਗਿਉ, ਆਪਣੀਓਂ ਹੀ ਅੱਗ ਦੇ ਨਾਲ,
ਡੱਕਿਆ ਨਾ ਜੇ ਬਾਹਾਂ ਨੂੰ ਹੁਣ ਆਪਸ ਦੇ ਵਿਚ ਖਹਿੰਦੇ ਨੂੰ।

ਸਿੰਗਾਂ ਵਾਲੇ ਇਕ ਚਿਹਰੇ ਤੋਂ ਹਰ ਦਮ ਡਰਦਾ ਰਹਿੰਦਾ ਹਾਂ,
ਹਰ ਵੇਲੇ ਉਹ ਖ਼ੌਰੂ ਪਾਏ ਘੂਰੇ ਉੱਠਦੇ ਬਹਿੰਦੇ ਨੂੰ।

ਖ਼ਬਰਦਾਰ ਜੀ ਬਚ ਕੇ ਰਹਿਣਾ ਕੰਧਾਂ ਵਿਚ ਤਰੇੜਾਂ ਨੇ,
ਦੂਰ ਖਲੋਤੇ ਦੱਬ ਲੈਂਦੀ ਹੈ ਉੱਚੀ ਮਮਟੀ ਢਹਿੰਦੇ ਨੂੰ।

ਮੇਰੀ ਜੀਭ ਸੁਆਦਾਂ ਪਿੱਟੀ ਝੂਠ ਦਾ ਮਿੱਠਾ ਖਾਂਦੀ ਹੈ,
ਸੱਚ ਏਸ ਨੂੰ ਕੌੜਾ ਲਗਦੈ ਮਨ੍ਹਾਂ ਕਰੇ ਸੱਚ ਕਹਿੰਦੇ ਨੂੰ।

ਪਤਾ ਨਹੀਂ ਇਸ ਇਮਤਿਹਾਨ ਵਿਚ ਕਿੰਨਾ ਕੁ ਚਿਰ ਰਹਿਣਾ ਹੈ,
ਚਾਰ ਜੁੱਗ ਤਾਂ ਬੀਤ ਗਏ ਨੇ ਜ਼ੋਰ ਜਬਰ ਇਹ ਸਹਿੰਦੇ ਨੂੰ।

✪

ਦੂਰ ਖੜ੍ਹਾ ਨਾ ਤੂੰ ਨਦੀ ਦੇ ਕਿਨਾਰਿਆਂ ਨੂੰ ਵੇਖ।
'ਵਾਜਾਂ ਮਾਰਦੀਆਂ ਲਹਿਰਾਂ ਦੇ ਇਸ਼ਾਰਿਆਂ ਨੂੰ ਵੇਖ।

ਮੋਰ ਲੂਸ ਗਏ ਪਰਿੰਦਿਆਂ ਦੇ ਖੰਭ ਖਿੰਡ ਗਏ,
ਮੇਘ ਮੰਗਦੇ ਸਾਂ ਮਿਲ ਗਏ ਅੰਗਾਰਿਆਂ ਨੂੰ ਵੇਖ।

ਵੇਖ ਸੱਥਰਾਂ ਦੇ ਨਾਲ ਕਿਵੇਂ ਭਰੇ ਸ਼ਮਸ਼ਾਨ,
ਕਿਵੇਂ ਰਾਤ ਦਿਨ ਚੀਰਦੇ ਨੇ ਆਰਿਆਂ ਨੂੰ ਵੇਖ।

ਐਵੇਂ ਰਾਤ ਦੀ ਉਡੀਕ 'ਚ ਨਾ ਚੁੱਪ ਕੀਤਾ ਬੈਠ,
ਇਹਨਾਂ ਦਿਨ ਦੀਵੀਂ ਚੜ੍ਹੇ ਚੰਨ-ਤਾਰਿਆਂ ਨੂੰ ਵੇਖ।

ਐਵੇਂ ਮੂਧੜੇ ਮੂੰਹ ਡਿੱਗੀ ਜਾਨੈਂ ਵੇਖ ਕੇ ਮੁਨਾਰੇ,
ਕੋਲ ਵੱਸਦੇ ਨੇ ਜਿਹੜੇ ਛੰਨਾਂ ਢਾਰਿਆਂ ਨੂੰ ਵੇਖ।

ਤੈਨੂੰ ਸੁਣਦੇ ਸਾਂ ਬਾਤ ਨੂੰ ਮੁਕਾ ਕੇ ਬਹਿ ਗਿਆਂ,
ਜਿਹੜੇ ਜਾਗਦੇ ਨੇ ਉਹਨਾਂ ਦੇ ਹੁੰਗਾਰਿਆਂ ਨੂੰ ਵੇਖ।

ਸਮਤੋਲ ਵਿਚ ਪੈਰ ਤਾਹੀਉਂ ਅੱਗੇ ਅੱਗੇ ਜਾਣੇ,
ਕਦੇ ਜਿੱਤਿਆਂ ਨੂੰ ਵੇਖ ਕਦੇ ਹਾਰਿਆਂ ਨੂੰ ਵੇਖ।

ਜਿਹੜੇ 'ਨ੍ਹੇਰੀਆਂ 'ਚ ਬਾਲਦੇ ਨੇ ਦੀਵਿਆਂ ਦੀ ਪਾਲ,
ਤੇਰੇ ਆਪਣੇ ਨੇ ਮਿੱਤਰਾਂ ਪਿਆਰਿਆਂ ਨੂੰ ਵੇਖ।



✪

ਵੱਢਿਆ ਟੁੱਕਿਆ ਜਿਸਮ ਪਿਆ ਹੈ ਰੋਜ਼ ਦੀਆਂ ਘਟਨਾਵਾਂ ਨਾਲ।
ਕਿੱਦਾਂ ਅੱਖ ਮਿਲਾਵਾਂ ਯਾਰੋ ਅੱਜ ਮੈਂ ਪੰਜ ਦਰਿਆਵਾਂ ਨਾਲ।

ਬੰਸਰੀਆਂ ਦੇ ਪੋਰ 'ਚ ਸਿੱਕਾ ਭਰ ਦਿੱਤਾ ਏ ਵਕਤਾਂ ਨੇ,
ਨਚਦੇ ਨਚਦੇ ਮੋਰ ਸਹਿਮ ਗਏ ਕਿਹੜਾ ਸਾਜ਼ ਵਜਾਵਾਂ ਨਾਲ।

ਖੜ੍ਹੀਆਂ ਫ਼ਸਲਾਂ ਕੱਚੇ ਕੋਠੇ ਇਹ ਚੰਦਰੇ ਕਿਉਂ ਢਾਹੁੰਦੇ ਨੇ,
ਆਓ ਯਾਰੋ ਗੱਲ ਤਾਂ ਕਰੀਏ ਸ਼ੂਕ ਰਹੇ ਦਰਿਆਵਾਂ ਨਾਲ।

'ਨ੍ਹੇਰੇ ਦੇ ਵਿਚ ਜੰਮੇ ਜਾਏ ਕਿੱਸਰਾਂ ਸੱਚ ਪਛਾਨਣਗੇ,
ਬਿਨ ਸੂਰਜ ਵੱਲ ਮੂੰਹ ਕੀਤਿਆਂ ਤੁਰਦਾ ਨਾ ਪਰਛਾਵਾਂ ਨਾਲ।

ਰਿਸ਼ਤੇ ਦੀ ਚਾਦਰ ਦੀਆਂ ਲੀਰਾਂ ਖਿੱਲਰ ਗਈਆਂ ਏਸ ਤਰ੍ਹਾਂ,
ਚਾਰ ਕਦਮ ਨਾ ਤੁਰ ਕੇ ਰਾਜ਼ੀ ਸੱਕੀ ਭੈਣ ਭਰਾਵਾਂ ਨਾਲ।

ਜਿਹੜਾ ਫੁੱਲ ਖੁਸ਼ਬੋਈ ਵਾਲਾ ਉਹ ਤਾਂ ਮਹਿਕਾਂ ਵੰਡੇਗਾ,
ਉਸ ਨੇ ਬਾਜ਼ ਨਹੀਂ ਆਉਣਾ ਹੈ ਡਾਢੀਆਂ ਸਖ਼ਤ ਸਜ਼ਾਵਾਂ ਨਾਲ।

ਅੰਨ੍ਹਾ ਬੰਦਾ ਵੀ ਬੁੱਝ ਲੈਂਦੈ, ਪੈੜ-ਚਾਲ ਤੋਂ ਸਹਿਜੇ ਤੋਂ,
ਕਿਹੜਾ ਬੰਦਾ ਸਾਂਝ ਪੁਗਾਉਂਦਾ ਹੈ ਕਿਸ ਤਰ੍ਹਾਂ ਦੇ ਰਾਹਵਾਂ ਨਾਲ।

ਸਾਰੇ ਚੌਂਕ ਚੁਰਸਤੇ ਮੱਲੇ ਕਾਲੇ ਫ਼ਨੀਅਰ ਨਾਗਾਂ ਨੇ,
ਯਤਨ ਕਰਾਂ ਕਿ ਕੀਲ ਲਵਾਂ ਮੈਂ ਗ਼ਜ਼ਲਾਂ ਤੇ ਕਵਿਤਾਵਾਂ ਨਾਲ।

ਪੰਜ ਦਰਿਆ ਪੰਜਾਬ ਬਣ ਗਿਆ ਢਾਈ ਦਰਿਆ ਢਾਬ।
ਪੱਤੀ ਪੱਤੀ ਹੋ ਚੱਲਿਆ ਹੈ ਸਾਡਾ ਸੁਰਖ਼ ਗੁਲਾਬ।

ਕਿਸ ਚੰਦਰੇ ਨੇ ਲਿਖਿਆ ਹੈ ਇਹ ਜੰਗਲ ਦਾ ਕਾਨੂੰਨ,
ਅੱਖਰ ਅੱਖਰ ਖਾਣ ਨੂੰ ਆਏ ਆਦਮ ਖੋਰ ਕਿਤਾਬ।

ਸੰਕਟ ਕਾਲ ’ਚ ਜੰਮੇ ਜਾਏ ਪੁੱਛਣਗੇ ਜਦ ਸਾਨੂੰ,
ਸਿਵਿਆਂ ਦੇ ਵਿਸਥਾਰ ਦੇ ਬਾਰੇ ਕਿਹੜਾ ਦਊ ਜਵਾਬ।

ਸਾਹਾਂ ਦੀ ਇਹ ਡੋਰ ਭੂਤਰੇ ਸਾਨ੍ਹ ਦੇ ਪੈਰੀਂ ਉਲਝੀ,
ਮੈਂ ਜਾਣਾ ਜਾਂ ਮੌਲਾ ਜਾਣੇ ਹੋਈ ਜੋ ਮੇਰੀ ਬਾਬ।

ਬਾਬਾ ਨਾਨਕ ਤੇ ਮਰਦਾਨਾ ਜੋਟੀਦਾਰ ਪੁਰਾਣੇ,
ਚੁਸਤ ਮਜੌਰਾਂ ਵੱਖਰੇ ਕੀਤੇ ਬਾਣੀ ਅਤੇ ਰਬਾਬ।

ਸਤਲੁਜ ਤੇ ਰਾਵੀ ਵਿਚ ਡੁੱਬੀਆਂ ਹੇਕਾਂ, ਚੀਕਾਂ, ਕੂਕਾਂ,
ਹੰਝੂਆਂ ਨਾਲ ਬਿਆਸਾ ਭਰਿਆ ਨੱਕੋ ਨੱਕ ਚਨਾਬ।

ਨੇਰੇ ਦੇ ਵਿਚ ਟੋਹ ਟੋਹ ਤੁਰੀਏ ਰੋਜ਼ਾਨਾ ਹੀ ਭੁਰੀਏ,
ਸਮਝ ਨਾ ਆਵੇ ਕਦ ਮੁੱਕੇਗਾ ਯਾਰੋ ਚੰਦਰਾ ਖ਼੍ਵਾਬ।



ਖੋਹ ਲਿਆ ਸੂਰਜ ਸੀ ਜਿਹੜਾ ਰਾਤ ਨੇ।
ਮੋੜ ਦਿੱਤਾ ਦਿਨ ਚੜ੍ਹੇ ਪ੍ਰਭਾਤ ਨੇ।

ਵੇਲਣੇ ਵਿਚ ਜਿਸਮ ਹੀ ਪੀੜੇ ਨਹੀਂ,
ਟੁਕੜੇ ਟੁਕੜੇ ਹੋ ਗਏ ਜਜ਼ਬਾਤ ਨੇ।

ਨੀਵੇਂ ਥਾਂ ਪਾਣੀ ਖੜ੍ਹੇ ਬੂਟੇ ਮਰੇ,
ਕਹਿਰ ਢਾਇਆ ਇਸ ਤਰ੍ਹਾਂ ਬਰਸਾਤ ਨੇ।

ਮੈਂ ਮੁਖੌਟਾ ਪਹਿਨ ਕੇ ਭਾਵੇਂ ਫਿਰਾਂ,
ਸੱਚ ਦੱਸ ਦੇਣਾ ਮੇਰੀ ਔਕਾਤ ਨੇ।

ਇਹ ਮੇਰੇ ਨੈਣਾਂ ’ਚ ਜਿਹੜੇ ਅੱਥਰੂ,
ਵਕਤ ਨੇ ਦਿੱਤੇ ਅਸਾਨੂੰ ਦਾਤ ਨੇ।

ਪਾਣੀਆਂ ਵਿਚ ਲੀਕ ਅੰਬਰ ਫਾੜੀਆਂ,
ਕਿਸ ਤਰ੍ਹਾਂ ਹੈ ਚੀਰਿਆ ਹਾਲਾਤ ਨੇ।

ਜਨਮ ਦਿਨ ਤੇ ਬਾਲ ਵੀ ਤਾਂ ਭੇਜਦੇ,
ਬੰਬ ਤੇ ਪਿਸਤੌਲ ਦੀ ਸੌਗਾਤ ਨੇ।

ਰੋਜ਼ ਸਵੇਰੇ ਘਰ ਵਿਚ ਆਉਂਦੀਆਂ ਰੱਤ ਭਿੱਜੀਆਂ ਅਖ਼ਬਾਰਾਂ।
ਅੰਨ੍ਹੇ ਖੂਹ ਵਿਚ ਗ਼ਰਕ ਗਿਆਂ ਨੂੰ ਕਿੱਸਰਾਂ 'ਵਾਜਾਂ ਮਾਰਾਂ।

ਚੰਗੇ ਭਲੇ ਪਰਿੰਦੇ ਬਹਿ ਗਏ ਆਲ੍ਹਣਿਆਂ ਵਿਚ ਜਾ ਕੇ,
ਧਰਤੀ ਅੰਬਰ ਸਾਰਾ ਮੱਲਿਆ ਹੁਣ ਖੰਭਾਂ ਦੀਆਂ ਡਾਰਾਂ।

ਅਣਚਾਹੇ ਮਹਿਮਾਨ ਦੇ ਵਾਂਗੂੰ ਚੰਦਰੇ ਸੁਪਨੇ ਆਉਂਦੇ,
ਸਹਿਮ ਜਿਹਾ ਛੱਡ ਜਾਵਣ ਪਿੱਛੇ ਮਰ ਚੁੱਕਿਆਂ ਦੀਆਂ ਤਾਰਾਂ।

ਪੌਣਾਂ ਦੇ ਵਿਚ ਜ਼ਹਿਰ ਘੋਲ ਕੇ ਕੌਣ ਬਚੇਗਾ ਏਥੇ,
ਸਿਵਿਆਂ ਦੇ ਵਿਚ ਅਰਥ ਹੀਣ ਨੇ ਸਾਰੀਆਂ ਜਿੱਤਾਂ ਹਾਰਾਂ।

ਪੈਦਲ ਬੰਦੇ ਦੇ ਹਿੱਸੇ ਬੱਸ ਮਿੱਟੀ ਘੱਟਾ ਆਵੇ,
ਪੱਕੀਆਂ ਸੜਕਾਂ ਉੱਤੇ ਭਾਵੇਂ ਚੱਲਦੀਆਂ ਮੋਟਰ ਕਾਰਾਂ।

ਹੱਥਾਂ ਵਾਲੀ ਡੋਰ ਨਾ ਕਿਧਰੇ ਹੱਥਾਂ ਵਿਚ ਰਹਿ ਜਾਵੇ,
ਚਾਤਰ ਪੇਚੇ ਮਾਰਨ ਐਪਰ ਸੁੱਤੀਆਂ ਨੇ ਸਰਕਾਰਾਂ।

ਹੜ੍ਹ ਦਾ ਪਾਣੀ ਵਗਦਾ ਭਾਵੇਂ ਸਿਰ ਉਤੋਂ ਦੀ ਯਾਰੋ,
ਇਕ ਦੂਜੇ ਨੂੰ ਪਾਓ ਕਰਿੰਘੜੀ ਬਣ ਜਾਓ ਦੀਵਾਰਾਂ।



ਰੁੱਖਾਂ ਨੂੰ ਆਰੀ ਫੇਰ ਨਾ ਡਿੱਗਣਗੇ ਆਲ੍ਹਣੇ,
ਚਿੜੀਆਂ ਨੇ ਫੇਰ ਕਿਸ ਜਗ੍ਹਾ ਨੇ ਬੋਟ ਪਾਲਣੇ?

ਰੋਟੀ ਸਿਆਸਤਦਾਨ ਨੇ ਹਰ ਹਾਲ ਸੇਕਣੀ,
ਸਾਡੇ ਹੀ ਪੁੱਤ ਵੀਰ ਉਸ ਚੁੱਲ੍ਹੇ 'ਚ ਬਾਲਣੇ।

ਤੇਰੀ ਬੁਝੇਗੀ ਪਿਆਸ ਹੁਣ ਕਿੰਨੇ ਕੁ ਖ਼ੂਨ ਨਾਲ,
ਦੱਸ ਦੇ ਜ਼ਰਾ ਕੁ ਦਿੱਲੀਏ ਨੀ ਬਾਰਾਂ ਤਾਲਣੇ।

ਤੇਰੇ ਬਗ਼ੈਰ ਹੋਰ ਤੋਂ ਖ਼ਤਰਾ ਨਾ ਬਾਗ਼ ਨੂੰ,
ਤੂੰਹੀਓਂ ਹੀ ਫਿਰਦੀ ਤੋੜਦੀ ਫੁੱਲਾਂ ਨੂੰ ਮਾਲਣੇ।

ਇਹ ਮਾਸਖ਼ੋਰੇ ਜਿੰਨ੍ਹਾਂ ਨੇ ਖਾਧੇ ਨੇ ਕਾਫ਼ਲੇ,
ਸੰਗਲ ਦੇ ਨਾਲ ਹੋਣਗੇ ਮੁਸ਼ਕਿਲ ਸੰਭਾਲਣੇ।

ਕਾਲੀ ਹਵਾ ਵੀ ਕਮਰਿਆਂ ਵਿਚ ਜਾਣਾ ਲੋਚਦੀ,
ਔਖੇ ਨੇ ਸੂਰਜ ਛਿਪਦਿਆਂ ਹੁਣ 'ਨ੍ਹੇਰ ਟਾਲਣੇ।

ਲੱਭਾਂਗੇ ਸੂਰਜ ਮਘ ਰਿਹਾ ਗੁੰਮਿਆ ਗੁਆਚਿਆ,
ਭਾਵੇਂ ਅਸਾਂ ਨੂੰ ਪੈਣ ਹੁਣ ਸਾਗਰ ਹੰਗਾਲਣੇ।

ਰਿਸ਼ਤੇ ਨਾਤੇ ਗਏ ਗੁਆਚੇ ਉੱਜੜ ਗਈਆਂ ਥਾਵਾਂ ਨਾਲ।
ਬੇੜੀ ਦਾ ਕੀ ਸਾਕ ਰਹਿ ਗਿਆ ਸੁੱਕ ਗਏ ਦਰਿਆਵਾਂ ਨਾਲ।

ਮਾਰੂਥਲ ਵਿਚ ਪੈੜ ਤੇਰੀ ਤਾਂ ਮਿਟ ਚੱਲੀ ਸੀ ਰੇਤੇ ਹੇਠ,
ਮਹਿਕ ਤੇਰੀ ਨੇ ਉਂਗਲੀ ਫੜ ਕੇ ਸਾਥ ਨਿਭਾਇਆ ਸਾਹਵਾਂ ਨਾਲ।

ਖੜ੍ਹੇ ਖਲੋਤੇ ਸੁੱਕੇ ਰੁੱਖ ਨੂੰ ਲੱਕੜਹਾਰੇ ਚੀਰ ਧਰਨ,
ਰਾਹਗੀਰਾਂ ਨੂੰ ਮਤਲਬ ਹੁੰਦੈ ਬੱਸ ਇਕੱਲੀਆਂ ਛਾਵਾਂ ਨਾਲ।

ਇਕ ਇਕੱਲਾ ਕੁਝ ਨਹੀਂ ਹੁੰਦਾ ਨਾ ਏਧਰ ਨਾ ਓਧਰ ਦਾ,
ਮੱਥੇ ਨੂੰ ਵੀ ਤੁਰਨਾ ਪੈਂਦੈ ਇਕਜੁੱਟ ਹੋ ਕੇ ਬਾਹਵਾਂ ਨਾਲ।

ਜਗਦੇ ਬੁਝਦੇ ਅੱਖਰ ਬਾਤਾਂ ਪਾਉਂਦੇ ਨੇ ਜਦ ਸ਼ਾਮ ਢਲੇ,
ਬੁੱਝਣ ਵਾਲੇ ਬੁੱਝ ਲੈਂਦੇ ਨੇ ਕੁਝ ਨਾਵਾਂ ਕੁਝ ਥਾਵਾਂ ਨਾਲ।

ਦਿਸ਼ਾ-ਸੂਚਕੋ ਸੇਧ ਸੁਚੱਜੀ, ਤੁਸੀਂ ਕੀ ਦੇਣੀ ਰਾਹੀਆਂ ਨੂੰ,
ਤੁਸੀਂ ਤਾਂ ਘੁੰਮਣ ਘੇਰ 'ਚ ਪੈਗੇ ਵਗਦੀਆਂ ਤੇਜ਼ ਹਵਾਵਾਂ ਨਾਲ।

ਐਵੇਂ ਭਰਮ ਜਿਹਾ ਇਕ ਮਨ ਨੂੰ ਚੌਵੀ ਘੰਟੇ ਡੰਗਦਾ ਏ,
ਪੱਥਰਾਂ ਨੂੰ ਪਿਘਲਾ ਸਕਨਾਂ ਮੈਂ ਗਜ਼ਲਾਂ ਤੇ ਕਵਿਤਾਵਾਂ ਨਾਲ।



ਦੂਰ ਗਿਆਂ ਜਦ ਰਾਤ ਪੈਣ ਤੇ ਘਰ ਦਾ ਚੇਤਾ ਆਵੇਗਾ।
ਵੇਖ ਲਵੀਂ ਤੂੰ ਗਾਉਂਦਾ ਪੰਛੀ ਟਾਹਣੀ ਫੜ ਕੁਰਲਾਵੇਗਾ।

ਸਿਖ਼ਰ ਦੁਪਹਿਰੇ ਸਾਡੇ ਪਿੰਡ ਨੂੰ ਕਾਲੀ ਚਾਦਰ ਢੱਕ ਲਿਆ,
ਲਗਦਾ ਨਹੀਂ ਸੀ ਬੱਦਲੀ ਓਹਲੇ ਇੰਵ ਸੂਰਜ ਲੁਕ ਜਾਵੇਗਾ।

ਬਲਦੇ ਜੰਗਲ ਦੇ ਵਿਚ ਜਦ ਵੀ ਤੇਰੇ ਅਪਣੇ ਬੋਟ ਸੜੇ,
ਤੈਨੂੰ ਫੇਰ ਬਸੰਤਰ ਦਾਸਾ ਪਾਣੀ ਚੇਤੇ ਆਵੇਗਾ।

ਉਮਰਾਂ ਜਿੱਡਾ ਲੰਮਾ ਹੌਕਾ ਧਰਤੀ ਮਾਂ ਨੇ ਭਰਿਆ ਹੈ,
ਪਤਾ ਨਹੀਂ ਕਦ ਸੇਕ ਏਸ ਦਾ ਪੱਥਰਾਂ ਨੂੰ ਪਿਘਲਾਵੇਗਾ।

ਤੇਜ਼ਾਬੀ ਬਰਸਾਤ 'ਚ ਪੱਤੇ ਬੂਟੇ ਹੀ ਨਹੀਂ ਝੁਲਸਣਗੇ,
ਗਰਭ-ਜੂਨ ਵਿਚ ਪਲਦਾ ਫੁੱਲ ਵੀ ਵੇਖ ਲਈਂ ਸੁੱਕ ਜਾਵੇਗਾ।

ਉਡਣੇ ਪੁਡਣੇ ਮਿਤ ਨਾ ਹੁੰਦੇ ਵੇਖ ਲਵੀਂ ਤੂੰ ਮਾਂਦਰੀਆ,
ਜਿਸ ਨੂੰ ਅੱਜ ਤੂੰ ਦੁੱਧ ਪਿਲਾਵੇਂ, ਤੈਨੂੰ ਹੀ ਡੰਗ ਜਾਵੇਗਾ।

ਪਤਾ ਨਹੀਂ ਸੀ ਖੇਡ ਖੇਡ ਵਿਚ ਏਥੋਂ ਤੱਕ ਜਾ ਪਹੁੰਚਾਂਗੇ,
ਸਾਜ਼ਾਂ ਨੂੰ ਆਵਾਜ਼ ਸਣੇ ਹੀ ਸਰਪ ਜਿਹਾ ਸੁੰਘ ਜਾਵੇਗਾ।

✪

ਤੁਸੀਂ ਉਲਝਾ ਲਿਆ ਸਾਨੂੰ ਹਿਸਾਬਾਂ ਤੇ ਕਿਤਾਬਾਂ ਵਿਚ।
ਕੋਈ ਵੀ ਫ਼ਰਕ ਨਾ ਜਾਪੇ ਸੁਆਲਾਂ ਤੇ ਜੁਆਬਾਂ ਵਿਚ।

ਜਦੋਂ ਦੇ ਜੰਗਲੀ ਬੂਟੇ ਨੂੰ ਸ਼ਹਿਰੀ ਹੱਥ ਲੱਗੇ ਨੇ,
ਉਦੋਂ ਦੀ ਮਹਿਕ ਮੋਈ ਹੈ ਬਗ਼ੀਚੇ ਦੇ ਗੁਲਾਬਾਂ ਵਿਚ।

ਮੈਂ ਮੋਈਆਂ ਤਿਤਲੀਆਂ ਦੇ ਖੰਭਾਂ ਕੋਲੋਂ ਬਹੁਤਾ ਡਰਦਾ ਹਾਂ,
ਜਿੰਨ੍ਹਾਂ ਦਾ ਕਤਲ ਹੋਇਆ ਮੇਰਿਆਂ ਰੰਗੀਨ ਖ਼੍ਵਾਬਾਂ ਵਿਚ।

ਜੋ ਸਾਰੀ ਉਮਰ ਨੰਗੇ ਪੈਰ ਲੰਮਾ ਸਫ਼ਰ ਕਰਦੇ ਨੇ,
ਉਨ੍ਹਾਂ ਦੇ ਪੈਰ ਨਹੀਂ ਫਸਦੇ ਕਦੇ ਬੂਟਾਂ ਜੁਰਾਬਾਂ ਵਿਚ।

ਜਿੰਨ੍ਹਾਂ ਨੂੰ ਵੋਟ ਪਾ ਕੇ ਭੇਜਦੇ ਹਾਂ ਰਾਜ ਭਵਨ ਅੰਦਰ,
ਉਹ ਅਪਣੇ ਆਪ ਤਾਈਂ ਗਿਣਨ ਲਗਦੇ ਨੇ ਨਵਾਬਾਂ ਵਿਚ।

ਜ਼ਮਾਨਾ ਬਦਲਿਆ ਤੇ ਬਦਲੀਆਂ ਦਿਲਚਸਪੀਆਂ ਵੇਖੋ,
ਕਿ ਮੱਕੜੀ ਜਾਲ ਪਈ ਬੁਣਦੀ ਹੈ ਸਾਜ਼ਾਂ ਤੇ ਰਬਾਬਾਂ ਵਿਚ।

ਇਹ ਉੱਚੀ ਪੱਗ ਲੰਮੀ ਧੌਣ ਦੇ ਹੀ ਕਾਰਨੇ ਹੋਇਆ,
ਅਸਾਨੂੰ ਚੀਰਿਆ ਸ਼ੈਤਾਨ ਨੇ ਹੀ ਦੋ ਪੰਜਾਬਾਂ ਵਿਚ।



✪

ਊਭੜ ਖਾਭੜ ਸੜਕਾਂ ਉੱਤੇ ਲੱਗ ਰਹੇ ਹਿਚਕੋਲੇ।
ਪੋਟਲੀਆਂ 'ਚੋਂ ਕਿਰਦੇ ਜਾਂਦੇ ਗੁੱਡੀਆਂ ਅਤੇ ਪਟੋਲੇ।

ਸ਼ਾਮ ਢਲੇ ਹੀ ਬੇਵਿਸ਼ਵਾਸੀ ਚਾਰ-ਚੁਫ਼ੇਰਿਓ ਘੇਰੇ,
ਥਾਲੀ ਵਿਚਲੇ ਪਾਣੀ ਵਾਂਗੂੰ ਹਰ ਪਲ ਮਨੂਆ ਡੋਲੇ।

ਪੂਰਨਿਆਂ ਤੇ ਪੋਚਾ ਫਿਰਿਆ ਅੱਖਰ ਕਿਤੇ ਗੁਆਚੇ,
ਅਨਪੜ੍ਹ ਲੋਕਾਂ ਵਾਂਗੂੰ ਵਾਹਾਂ ਐਵੇ ਘੀਚ-ਮਚੋਲੇ।

ਮੋਇਆਂ ਦੀ ਬਸਤੀ ਵਿਚ ਦਸਤਕ ਦੇਵਾਂ ਤਾਂ ਕਿੰਞ ਦੇਵਾਂ,
ਆਸ ਨਹੀਂ ਹੈ ਮੁਰਦਾ ਜਾਗੇ ਉੱਠੇ ਕੁੰਡਾ ਖੋਲ੍ਹੇ।

ਮੰਦੀਆਂ ਖਬਰਾਂ ਕੱਠੀਆਂ ਕਰਕੇ ਭਰ ਜਾਂਦੇ ਨੇ ਵਿਹੜਾ,
ਮਨ ਦੀ ਛਤਰੀ ਉੱਤੇ ਬਹਿੰਦੇ ਆਣ ਕਬੂਤਰ ਗੋਲੇ।

ਉੱਚੇ ਨੀਵੇਂ ਛਾਬੇ ਇਸਦੇ ਗੌਰ ਨਾਲ ਤਾਂ ਵੇਖੋ,
ਬਾਂਦਰ ਹੱਥ ਤਰਾਜ਼ੂ ਦੱਸੋ ਕਿੱਦਾਂ ਪੂਰਾ ਤੋਲੇ।

ਸਾਡੇ ਖ਼ੂਨ 'ਚ ਲਥਪਥ ਹੋਈ ਸਰਬ ਸਮੇਂ ਦੀ ਪੋਥੀ,
ਹਰ ਥਾਂ ਲਿਸ਼ਕੇ ਸੁਰਖ਼ ਇਬਾਰਤ ਜਿੰਨੇ ਵਰਕੇ ਫੋਲੇ।

✪

ਜਗ ਰਹੇ ਜੁਗਨੂੰ ਨੇ ਜਿਹੜੇ ਰਾਤ ਨੂੰ।
ਖ਼ਾਕ ਦੇ ਵਿਚ ਮਿਲਣਗੇ ਪ੍ਰਭਾਤ ਨੂੰ।

ਕੀ ਪਤਾ ਸੀ ਮਾਰੂਥਲ ਪੀ ਜਾਣਗੇ,
ਹੰਝੂਆਂ ਦੀ ਹੋ ਰਹੀ ਬਰਸਾਤ ਨੂੰ।

ਪੱਥਰਾਂ ਦੇ ਸ਼ਹਿਰ ਪੱਥਰ ਹੋ ਗਿਆਂ,
ਦੁਖ ਸੁਖ ਪੋਂਹਦਾ ਨਾ ਹੁਣ ਜਜ਼ਬਾਤ ਨੂੰ।

ਤੂੰ ਮੇਰੇ ਸਾਹਾਂ 'ਚ ਘੁਲ ਜਾ ਇਸ ਤਰ੍ਹਾਂ,
ਰਾਤ ਰਾਣੀ ਮਹਿਕਦੀ ਜਿਉਂ ਰਾਤ ਨੂੰ।

ਤੂੰ ਹੁੰਗਾਰਾ ਭਰਦੀ ਭਰਦੀ ਸੌਂ ਗਈ,
ਮੈਂ ਮੁਕਾਵਾਂ ਕਿਸ ਤਰ੍ਹਾਂ ਹੁਣ ਬਾਤ ਨੂੰ।

ਚਾਰ ਦੀਵਾਰੀ 'ਚ ਮੇਰਾ ਬਸਰ ਨਾ,
ਲੈ ਰਿਹਾਂ ਬਾਹਾਂ 'ਚ ਕਾਇਨਾਤ ਨੂੰ।

ਅੱਗ ਦੇ ਅੰਗਾਰਿਆਂ 'ਤੇ ਤੁਰ ਰਿਹਾਂ,
ਬੈਠ ਰਹਿਣਾ ਮਿਹਣਾ ਮੇਰੀ ਜ਼ਾਤ ਨੂੰ।



✪

ਯਾਰੀ ਪਾਉਂਦੇ ਜੇ ਨਾ ਰੰਗਲੇ ਗੁਬਾਰਿਆਂ ਦੇ ਨਾਲ।
ਸਾਡੀ ਨਿਭ ਜਾਂਦੀ ਦੋਸਤੀ ਅੰਗਾਰਿਆਂ ਦੇ ਨਾਲ।

ਅਸੀਂ ਤੇਰੇ ਵਾਂਗ ਅੰਬਰਾਂ ਨੂੰ ਸੀਗਾ ਚੁੰਮ ਲੈਣਾ,
ਰਲ਼ ਜਾਂਵਦੇ ਜੇ ਪੀਂਘ ਦੇ ਹੁਲਾਰਿਆਂ ਦੇ ਨਾਲ।

ਅਸੀਂ ਵੱਖ ਤੁਸੀਂ ਵੱਖ ਸਾਡੀ ਮਿਲਦੀ ਨਾ ਅੱਖ,
ਕਦੋਂ ਯਾਰੀਆਂ ਪੁਗਾਈਆ ਮਹਿਲਾਂ ਢਾਰਿਆਂ ਦੇ ਨਾਲ।

ਤੁਸੀਂ ਗੂੰਗਿਆਂ ਦੇ ਵਾਂਗ ਚੁੱਪ-ਚਾਪ ਬੈਠ ਗਏ,
ਬਾਤ ਤੁਰਨੀ ਹੈ ਅੱਗੇ ਤਾਂ ਹੁੰਗਾਰਿਆਂ ਦੇ ਨਾਲ।

ਸਾਨੂੰ ਧਰਤੀ ਦੇ ਮਾਲ ਤੇ ਖ਼ਜ਼ਾਨਿਆਂ ਤੋਂ ਵੱਧ,
ਜਿਹੜੀ ਘੜੀ ਲੰਘੇ ਸੱਜਣਾਂ-ਪਿਆਰਿਆਂ ਦੇ ਨਾਲ।

ਸਾਨੂੰ ਤਲਖ਼ ਹਕੀਕਤਾਂ ਨੇ ਇਹੀ ਸਮਝਾਇਆ,
ਕਦੇ ਜ਼ਿੰਦਗੀ ਨਾ ਤੁਰੇ ਮਿੱਠੇ ਲਾਰਿਆਂ ਦੇ ਨਾਲ।

ਗੂੰਗੇ ਬੋਲੇ ਨੂੰ ਕੀ ਸਾਡੀਆਂ ਮੁਸੀਬਤਾਂ ਦੀ ਸਾਰ,
ਜਿਹੜਾ ਆਪ ਗੱਲਾਂ ਕਰਦੈ ਇਸ਼ਾਰਿਆਂ ਦੇ ਨਾਲ।

✪

ਬੰਦ ਕਰੋ ਦਰਵਾਜ਼ੇ ਸਾਰੇ ਭੇੜੋ ਬੂਹੇ ਬਾਰੀਆਂ।
ਅੰਨ੍ਹੀ ਨ੍ਹੇਰੀ ਭੱਜੀ ਆਉਂਦੀ ਮਾਰ ਮਾਰ ਕਿਲਕਾਰੀਆਂ।

ਇਕੋ ਬੰਦਾ ਮਰਿਆਂ ਜਿੱਥੇ ਸੁਰਖ਼ ਹਨੇਰੀ ਆਉਂਦੀ ਸੀ,
ਅੱਜ ਹਰ ਚੌਂਕ ਚੁਰਸਤੇ ਭਾਵੇਂ ਲਾ ਲਉ ਖ਼ੂਨ 'ਚ ਤਾਰੀਆਂ।

ਹਿੱਕ ਤੇ ਭਾਰ ਜਿਹਾ ਹੈ ਨਾਲੇ ਜੀਭ ਤਾਲੂਏ ਜੁੜ ਗਈ ਸੀ,
ਮੇਰਾ ਨਾਮ ਪੁਕਾਰ ਕੇ ਕਿਸਨੇ ਰਾਤੀਂ 'ਵਾਜਾਂ ਮਾਰੀਆਂ।

ਗਰਦ ਗੁਬਾਰ ਹਨੇਰਾ ਮਨ ਤੇ ਕਾਠੀ ਪਾ ਕੇ ਬੈਠਾ ਹੈ,
ਨਿੱਕੀਆਂ ਨਿੱਕੀਆਂ ਸੋਚਾਂ ਲੱਗਣ ਪਰਬਤ ਨਾਲੋਂ ਭਾਰੀਆਂ।

ਧੂੜ ਲਪੇਟੇ ਰਾਹਾਂ ਦੇ ਵਿਚ ਕਿੰਨੇ ਯਾਰ ਗੁਆਚ ਗਏ,
ਖਾ ਗਈਆਂ ਨੇ ਸੂਹੇ ਸੁਪਨੇ ਮਿੱਟੀ ਰੰਗੀਆਂ ਲਾਰੀਆਂ।

ਉਹ ਵੀ ਇਕ ਦਿਨ ਘਰ ਦੀ ਨੁੱਕਰੇ ਸਿਰ ਤੇ ਛੱਤਾਂ ਮੰਗਣਗੇ,
ਹੁਣ ਤਕ ਉਮਰ ਲੰਘਾਈ ਜਿੰਨ੍ਹਾਂ ਕਰ ਕਰ ਪਹਿਰੇਦਾਰੀਆਂ।

ਖੁਸ਼ਬੂ ਹੱਦਾਂ ਬੰਨੇ ਟੱਪ ਕੇ ਦੂਰ ਦੂਰ ਤਕ ਜਾਵੇਗੀ
ਕਿਹੜੀ ਤਾਕਤ ਰੋਕੂ ਇਸ ਨੂੰ ਕਰਕੇ ਚਾਰ ਦੀਵਾਰੀਆਂ।



✪

ਵਗਦੀ ਹਨੇਰੀ ਬੁਝੀ ਦੀਵਿਆਂ ਦੀ ਪਾਲ।
ਆਪਣੇ ਤੂੰ ਘਰ ਦੇ ਚਿਰਾਗਾਂ ਨੂੰ ਸੰਭਾਲ।

ਲੁਕ ਗਈ ਕਿਤਾਬਾਂ ਵਿਚ ਅੱਖਰਾਂ ਦੀ ਭੀੜ,
ਹੱਥ ਵਿਚ ਛੁਰੀ ਚੁੱਕੀ ਫਿਰਦੇ ਚੰਡਾਲ।

ਵਰ੍ਹਦੀਆਂ ਗੋਲੀਆਂ ਦਾ ਹੋਵੇ ਜਦੋਂ ਭੇੜ,
ਨ੍ਹੇਰੇ ਵਿਚ ਕੌਣ ਵੇਖੇ ਕੌਣ ਕੀਹਦੇ ਨਾਲ।

ਧਰਮਾਂ ਰਿਆਸਤਾਂ ਸਿਆਸਤਾਂ ਦੀ ਲੋੜ,
ਹਰ ਵੇਲੇ ਟਾਲ ਦੇਣਾ ਰੋਟੀ ਦਾ ਸੁਆਲ।

ਲੁਕ ਛਿਪ ਜਾਓ ਫਿਰੇ ਕੂਕਦੀ ਇਹ ਪੌਣ,
ਖੌਰੇ ਕਿਹਦੇ ਸਿਰ ਚੜ੍ਹ ਬੋਲ ਪਵੇ ਕਾਲ।

ਇਕ ਇਕ ਦਿਨ ਹੁਣ ਬੀਤਦਾ ਹੈ ਇੰਞ,
ਮੋਈ ਮਾਂ ਨੂੰ ਚੁੰਘੇ ਜਿਵੇਂ ਨਿੱਕਾ ਜਿਹਾ ਬਾਲ।

ਤੇਰੀਆਂ ਕਮਾਈਆਂ ਮਿੱਟੀ ਵਿਚ ਰੁਲ ਗਈਆਂ,
ਉੱਠ ਸਿਰ ਵਾਲਿਆ ਤੂੰ ਪਗੜੀ ਸੰਭਾਲ।

✪

ਰੱਤ ਭਰੇ ਵਗਦੇ ਦਰਿਆ।
ਪਾਣੀ ਕਿੱਧਰ ਚਲਾ ਗਿਆ।

ਸੁਣਦਿਆਂ ਕੰਨ ਲੂਸ ਗਏ,
ਰੋਜ਼ ਦਿਹਾੜੀ ਅਗਨ-ਕਥਾ।

ਬਾਤ ਹੁੰਗਾਰਾ ਮੰਗਦੀ ਹੈ,
ਸੁੱਤਿਆ ਲੋਕਾ ਜਾਗ ਜ਼ਰਾ।

ਘਰ ਤੋਂ ਦਫ਼ਤਰ ਤੀਕ ਜਿਵੇਂ,
ਲੰਮ-ਸਲੰਮਾ ਬਲੇ ਸਿਵਾ।

ਨ੍ਹੇਰੀ ਵੀ ਮੂੰਹ-ਜ਼ੋਰ ਬੜੀ,
ਫਿਰ ਵੀ ਦੀਵਾ ਜਗੇ ਪਿਆ।

ਵੇਖੋ ਇਹ ਪੰਜਾਬ ਮਿਰਾ,
ਕਿੱਥੋਂ ਕਿੱਥੇ ਪਹੁੰਚ ਗਿਆ।



✪

ਅੱਖਾਂ 'ਚ ਉਨੀਂਦਰਾ ਤੇ ਦਿਲ ਸੁੰਨਸਾਨ ਹੈ।
ਸੱਜਣਾਂ ਬਗੈਰ ਸਾਡੀ ਲਬਾਂ ਉੱਤੇ ਜਾਨ ਹੈ।

ਲੋਕਾ ਭਾਣੇ ਹੱਸਦਾ ਇਹ ਸ਼ਹਿਰ ਜਾਪੇ ਵੱਸਦਾ,
ਮੇਰੇ ਲਈ ਉਜਾੜ ਸੁੰਨੀ ਰੋਹੀ ਬੀਆਬਾਨ ਹੈ।

ਫ਼ਿਕਰਾਂ ਦੀ ਛੱਤ ਹੇਠਾਂ ਸਾਰੀ ਰਾਤ ਜਾਗਨਾਂ,
ਮੇਰੇ ਨਾਲ ਗੱਲਾਂ ਕਰੇ ਨੀਲਾ ਅਸਮਾਨ ਹੈ।

ਠੋਕਰੋਂ ਬਚਾਉਂਦਾ ਤੇ ਸੰਭਾਲਦਾ ਹਾਂ ਹਰ ਵੇਲੇ,
ਸੁਪਨਾ ਨਾ ਟੁੱਟ ਜਾਵੇ ਕੱਚ ਦਾ ਸਾਮਾਨ ਹੈ।

ਕਿਸ ਨੂੰ ਸੁਣਾਵਾਂ ਹਾਲ ਟੁੱਟੇ ਹੋਏ ਦਿਲ ਦਾ ਮੈਂ,
ਅੰਨ੍ਹੀ ਬੋਲ਼ੀ ਧਰਤੀ ਤੇ ਗੁੰਗਾ ਅਸਮਾਨ ਹੈ।

ਟੰਗਿਆ ਹੈ ਸੂਲੀ ਉੱਤੇ ਚੰਦਰੇ ਹਾਲਾਤ ਭਾਵੇਂ,
ਫੇਰ ਵੀ ਤੂੰ ਵੇਖ ਸਾਡੀ ਚੱਲਦੀ ਜ਼ਬਾਨ ਹੈ।

✪

ਸਿਰਾਂ 'ਤੇ ਰਾਤ ਹੈ ਕਾਲੀ ਭਰਾਓ ਜਾਗਦੇ ਰਹੀਏ।
ਕਿਤੇ ਪੱਥਰ ਨਾ ਹੋ ਜਾਈਏ ਦਿਲਾਂ ਦੀ ਵੇਦਨਾ ਕਹੀਏ।

ਇਹ ਏਨੇ ਸਾਲ ਵਿਚ ਪਹੁੰਚੀ ਕਿਤੇ ਨਾ ਦੋਸਤੋ ਗੱਡੀ,
ਬਥੇਰੇ ਹਿੱਕ ਸਾਡੀ ਨੇ ਲੰਘਾਏ ਰੇਲ ਦੇ ਪਹੀਏ।

ਅਸੀਂ ਮੁਜਰਿਮ ਦੇ ਵਾਂਗੂੰ ਲੰਘਦੇ ਹਾਂ ਰਾਜਪਥ ਕੋਲੋਂ,
ਤਲਾਸ਼ੀ ਵਾਲਿਆਂ ਕੋਲੋਂ ਕਿਤੇ ਪੱਗ ਨਾ ਲੁਹਾ ਬਹੀਏ।

ਮਲਾਹਾਂ ਅੱਧ ਵਿਚ ਦਰਿਆ ਦੇ ਆ ਬੇੜੀ ਖਲ੍ਹਾਰੀ ਹੈ,
ਤੁਸੀਂ ਦੱਸੋ ਕਿ ਇਸਨੂੰ ਦੋਸਤੀ ਜਾਂ ਦੁਸ਼ਮਣੀ ਕਹੀਏ।

ਸਿਰਫ਼ ਸਿਦਕ ਤੇ ਵਿਸ਼ਵਾਸ ਮੇਰੇ ਨਾਲ ਤੁਰਦਾ ਹੈ,
ਉਸ ਦੇ ਆਸਰੇ ਹਰ ਹਾਲ ਵਿਚ ਸਿੱਧੇ ਖੜ੍ਹੇ ਰਹੀਏ।

ਜਦੋਂ ਮੌਸਮ ਨੇ ਅੱਜ ਤੱਕ ਨਾਲ ਸਾਡੇ ਨਾ ਵਫ਼ਾ ਕੀਤੀ,
ਅਸੀਂ ਵੀ ਕਿਹੜੇ ਸਾਕੋਂ ਏਸ ਦੀ ਯਾਰੋ ਤੜੀ ਸਹੀਏ।



✪

ਵਗ ਰਹੀ ਠੰਢੀ ਹਵਾ ਹੈ।
ਨਿੱਘ ਕਿਧਰੇ ਲਾਪਤਾ ਹੈ।

ਟਾਹਣੀਆਂ ਵਿਚ ਫੁੱਲ ਜੀਂਦੇ,
ਪੱਤਝੜਾਂ ਨੂੰ ਕੀ ਪਤਾ ਹੈ।

ਚਾਰ ਪਾਸੇ ਪਾਣੀਆਂ ਵਿਚ,
ਰੁੱਖ ਕਿਉਂ ਸੁੱਕਾ ਖੜ੍ਹਾ ਹੈ?

ਦਰਦ ਤਾਈਂ ਵੰਡ ਦੇਣਾ,
ਏਸ ਦੀ ਏਹੀ ਦਵਾ ਹੈ।

ਕਤਲਗਾਹੋ ਨਾ ਡਰਾਉ,
ਇਹ ਤਾਂ ਸਾਡੀ ਗੁਜ਼ਰਗਾਹ ਹੈ।

ਫ਼ਿਕਰ ਦੀ ਧੁੱਪੇ ਖਲੋਣਾ,
ਏਸ ਦਾ ਅਪਣਾ ਮਜ਼ਾ ਹੈ।

ਅੱਥਰੂ ਕਿੰਞ ਸ਼ਬਦ ਬਣਦੇ,
ਇਹ ਤਾਂ ਇਕ ਵੱਖਰਾ ਸਫ਼ਾ ਹੈ।

ਮਰ ਨਾ ਜਾਵੇ ਆਦਮੀਅਤ,
ਅੱਜ ਏਹੀ ਤੌਖ਼ਲਾ ਹੈ।

✪

ਉੱਪਰੋਂ ਲੰਘਣ ਕਾਫ਼ਲੇ ਤੇ ਹੇਠ ਵਗੇ ਦਰਿਆ।
ਪਾਣੀ ਕੰਢੇ ਬੈਠ ਕੇ ਮੈਂ ਤੈਨੂੰ ਚਿਤਵ ਰਿਹਾ।

ਤੈਨੂੰ ਚੇਤੇ ਕਰਦਿਆਂ ਮੈਂ ਠਰਦਾ ਠਰਦਾ ਠਰ ਗਿਆ,
ਹੁਣ ਸੂਰਜ ਟਿੱਕੀ ਚੜ੍ਹਦਿਆਂ ਅੱਗ ਦਾ ਗੀਤ ਸੁਣਾ।

ਬੀਤੀ ਰਾਤ ਵਿਯੋਗ ਦੀ ਹੈ ਤਾਰੇ ਗਿਣ ਗਿਣ ਕੇ,
ਅੱਖੀਆਂ ਤਰਸਣ ਦੀਦ ਨੂੰ ਤੂੰ ਸੁਪਨਾ ਬਣ ਕੇ ਆ।

ਡਾਰੋਂ ਵਿੱਛੜੀ ਕੂੰਜ ਦੀ ਆਉਂਦੀ ਹੈ ਇੰਞ ਹੂਕ,
ਚੰਦ ਚਕੋਰੀ ਲੱਭਦੀ ਅੰਬਰ ਵਿਚ ਤਾਰੀ ਲਾ।

ਐਵੇਂ ਹੈ ਫੁੰਕਾਰਦਾ ਪਰ ਨਹੀਂ ਮਾਰਦਾ ਡੰਗ,
ਯਾਦ ਤੇਰੀ ਦੇ ਵਾਂਗਰਾਂ ਵਿਸ਼ੀਅਰ ਨਾਗ ਜਿਹਾ।

ਸੜਕ ਕਿਨਾਰੇ ਸੁੱਕ ਰਿਹਾ ਮੁੱਕਦਾ ਮੁੱਕਦਾ ਮੁੱਕ ਰਿਹਾ,
ਬਿਰਖ਼ ਨਿਪੱਤਰਾ ਜਾਪਦਾ ਮੇਰਾ ਧਰਮ ਭਰਾ।

ਪਹਿਲ ਪਲੇਠੀ ਪ੍ਰੀਤ ਦਾ ਇਹ ਅਣਗਾਇਆ ਗੀਤ,
ਛੇਕਾਂ ਵਿੰਨ੍ਹੀ ਬੰਸਰੀ ਤੂੰ ਆਪਣੇ ਹੋਠ ਛੁਹਾ।



✪

ਘੁੰਮਣ ਘੇਰ ਜਹਾਨ ਦੇ।
ਦੁਸ਼ਮਣ ਬਣ 'ਗੇ ਜਾਨ ਦੇ।

ਹੈਂਕੜ ਮਿਰਜ਼ਾ ਮਾਰਿਆ,
ਸਾਹਵੇਂ ਤੀਰ ਕਮਾਨ ਦੇ।

ਧੂੰਏਂ ਬੱਦਲ ਵਾਂਗ ਨੇ,
ਭਰਮ ਭੁਲੇਖੇ ਸ਼ਾਨ ਦੇ।

ਸ਼ਹਿਰਾਂ ਵਿਚ ਗੁਆਚ ਨਾ,
ਪੰਛੀ ਬੀਆਬਾਨ ਦੇ।

ਤੂੰ ਕਿਸਮਤ ਨੂੰ ਕੋਸ ਨਾ,
ਸਭ ਕੁਝ ਵੱਸ ਇਨਸਾਨ ਦੇ।

ਅੰਨ੍ਹੀ ਸੁਰੰਗ 'ਚ ਵੱਸਦੇ,
ਚੇਲੇ ਸਭ ਭਗਵਾਨ ਦੇ।

ਅੰਬਰੀਂ ਧੂੜਾਂ ਉੱਠੀਆਂ,
ਹਨ ਆਸਾਰ ਤੂਫ਼ਾਨ ਦੇ।

ਦਿੱਲੀ ਦਿਲ ਤੋਂ ਦੂਰ ਖੜ੍ਹੀ ਹੈ।
ਤਾਹੀਓਂ ਦਿੱਲੀ ਦੂਰ ਬੜੀ ਹੈ।

ਮਾਂ ਪਿਉ ਜਾਏ ਮਾਰ ਮੁਕਾਏ,
ਇਹ ਕਿੱਧਰਲੀ ਜੰਗ ਲੜੀ ਹੈ।

ਡਰਦੀ 'ਵਾਜ ਨਾ ਸੰਘੋਂ ਨਿਕਲੇ,
ਹਰ ਬੂਹੇ 'ਤੇ ਮੌਤ ਖੜ੍ਹੀ ਹੈ।

ਲੱਗੇ ਬੋਹਲ ਉਡਾ ਨਾ ਦੇਵੇ,
ਲਹਿੰਦੀ ਗੁੱਠੇ ਧੂੜ ਚੜ੍ਹੀ ਹੈ।

ਟੁੱਟ ਗਈ ਤਾਂ ਫਿਰ ਨਾ ਜੁੜਨੀ,
ਨਾ ਤੋੜੋ ਇਹ ਅਹਿਮ ਕੜੀ ਹੈ।

ਕਿੱਥੇ ਪੈਰ ਧਰੋਗੇ ਏਥੇ,
ਚਹੁੰ ਗਿੱਠਾਂ ਤੇ ਫੇਰ ਮੜ੍ਹੀ ਹੈ।

ਸੂਈਆਂ ਪਿੱਛੇ ਘੁੰਮੀ ਜਾਵਣ,
ਮੇਰੇ ਗੁੱਟ ਤੇ ਅਜਬ ਘੜੀ ਹੈ।

ਵੇਖੀਂ ਇਸ 'ਤੇ ਛੱਤ ਨਾ ਪਾਈਂ,
ਗੱਤੇ ਦੀ ਦੀਵਾਰ ਖੜ੍ਹੀ ਹੈ।



ਗੁਆਚਾ ਫਿਰ ਰਿਹਾਂ ਦੱਸੋ ਮੇਰਾ ਘਰ ਬਾਰ ਕਿੱਥੇ ਹੈ?
ਮੈਂ ਜਿਸ ਤੋਂ ਨਿਖੜਿਆਂ ਉਹ ਪੰਛੀਆਂ ਦੀ ਡਾਰ ਕਿੱਥੇ ਹੈ?

ਮੈਂ ਗੂੜ੍ਹੀ ਨੀਂਦ ਵਿਚੋਂ ਜਾਗਿਆਂ ਮੈਨੂੰ ਵਿਖਾਓ ਤਾਂ,
ਮੈਂ ਜਿਹੜਾ ਸੁਪਨਿਆਂ ਵਿਚ ਸਾਜਿਆ ਸੰਸਾਰ ਕਿੱਥੇ ਹੈ?

ਭਰਾਓ ਮੈਂ ਪੰਜਾਬੀ ਹਾਂ ਮੈਂ ਨਾਨਕ ਦਾ ਰਬਾਬੀ ਹਾਂ,
ਲਿਆਓ ਜੋੜ ਕੇ ਦੇਵਾਂ ਉਹ ਟੁੱਟੀ ਤਾਰ ਕਿੱਥੇ ਹੈ।

ਤੁਸੀਂ ਜਿਸ ਤੇ ਚੜ੍ਹਾਉਣਾ ਸੀ ਤੇ ਉਸਨੇ ਮੁਸਕਰਾਉਣਾ ਸੀ,
ਮਸੀਹਾ ਲੱਭਦਾ ਫਿਰਦੈ ਭਲਾ ਉਹ ਦਾਰ ਕਿੱਥੇ ਹੈ।

ਮੈਂ ਜਿਸ ਦੇ ਨਾਲ ਪੰਜ ਸਦੀਆਂ ਹੰਢਾਈਆਂ ਧੁੱਪ ਛਾਂ ਬਣ ਕੇ,
ਮੇਰਾ ਨਾਨਕ ਨਾ ਖੋਹਵੇ ਦੱਸੋ ਮੇਰਾ ਯਾਰ ਕਿੱਥੇ ਹੈ?

ਇਹ ਮੇਰਾ ਸਾਜ਼ ਹੈ ਆਵਾਜ਼ ਹੈ ਪਰਵਾਜ਼ ਵੀ ਵੇਖੋ,
ਤੇ ਫਿਰ ਦੱਸੋ ਕਿ ਇਸ ਤੋਂ ਵਧ ਖ਼ਰਾ ਹਥਿਆਰ ਕਿੱਥੇ ਹੈ?

ਮੈਂ ਮੋਏ ਪੁੱਤਰਾਂ ਨੂੰ ਗਿਣਦਿਆਂ ਖ਼ੂੰਖਾਰ ਨਾ ਬਣ ਜਾਂ,
ਲਿਆਉ ਪਾੜ ਦੇਵਾਂ ਅੱਜ ਦਾ ਅਖ਼ਬਾਰ ਕਿੱਥੇ ਹੈ?

ਮੈਂ ਕਿੱਧਰ ਜਾ ਰਿਹਾਂ ਵੇਖੋ ਮੇਰਾ ਅਗਲਾ ਪੜਾਅ ਕਿੱਥੇ,
ਭਟਕਦੀ ਰੂਹ ਦਾ ਇਸ ਯੁਗ 'ਚ ਇਤਬਾਰ ਕਿੱਥੇ ਹੈ?

✪

ਜ਼ਿੰਦਗੀ ਵਿਚ ਮੁਸ਼ਕਲਾਂ ਦੁਸ਼ਵਾਰੀਆਂ।
ਲੱਗਦੀਆਂ ਨੇ ਪਰਬਤਾਂ ਤੋਂ ਭਾਰੀਆਂ।

ਵੇਖ ਲੈ ਮਾਰੂਥਲਾਂ ਵਿਚ ਘਿਰ ਗਿਆ,
ਜੋ ਲਗਾਉਂਦਾ ਸੀ ਹਵਾ ਵਿਚ ਤਾਰੀਆਂ।

ਠੋਕਰਾਂ ਨੇ ਪੱਥਰਾਂ ਨੂੰ ਭੋਰਿਆ,
ਤੋੜ ਬੈਠੇ ਧਰਤ ਨਾਲੋਂ ਯਾਰੀਆਂ।

ਮਰਮਰੀ ਬੁੱਤ ਬੋਲਿਆ ਨਾ ਚਾਲਿਆ,
ਮੈਂ ਤਾਂ ਉਸਨੂੰ ਬਹੁਤ 'ਵਾਜ਼ਾਂ ਮਾਰੀਆਂ।

ਮਨ ਦਾ ਪੰਛੀ ਖੰਭ ਹੀਣਾ ਹੋ ਗਿਆ,
ਚਾਰੇ ਪਾਸੇ ਬੈਠੀਆਂ ਲਾਚਾਰੀਆਂ।

ਜ਼ਹਿਰ ਤਾਂ ਸਾਰੀ ਹਵਾ ਵਿਚ ਘੁਲ ਗਈ,
ਕੀ ਕਰੇਂਗਾ ਲਾ ਕੇ ਪਹਿਰੇਦਾਰੀਆਂ।

ਆਉਣ ਦੇ ਤਾਜ਼ਾ ਹਵਾ ਨੂੰ ਆਉਣ ਦੇ,
ਖੋਲ੍ਹ ਦੇ ਤੂੰ ਸਾਰੇ ਬੂਹੇ ਬਾਰੀਆਂ।



✪

ਹਾਲ ਮੁਰੀਦਾਂ ਕਿਸ ਨੂੰ ਕਹੀਏ।
ਮਿੱਤਰਾਂ ਤੋਂ ਨਿੱਤ ਧੋਖੇ ਸਹੀਏ।

ਇਕੋ ਥਾਂ ਤੇ ਘੁੰਮੀ ਜਾਂਦੇ,
ਇਸ ਜੀਵਨ ਦੇ ਚਾਰੇ ਪਹੀਏ।

ਆਪ ਖਿਲਾਰੇ ਕੰਡੇ ਚੁਗੀਏ,
ਆਉ ਸਾਰੇ ਰਲ ਕੇ ਡਹੀਏ।

ਇਹ ਜੀਵਨ ਹੈ ਚਾਰ ਦਿਹਾੜੇ,
ਸਭ ਦੀ ਸੁਣੀਏ ਸਭ ਨੂੰ ਕਹੀਏ।

ਇਨਸਾਨਾਂ ਦੀ ਜੂਨ ਪਏ ਹਾਂ,
ਪਸ਼ੂਆਂ ਵਾਂਗੂੰ ਕਾਹਨੂੰ ਖਹੀਏ।

ਨਜ਼ਰਾਂ ਤੋਂ ਨਾ ਗਿਰੀਏ ਯਾਰੋ,
ਇਕ ਦੂਜੇ ਦੇ ਦਿਲ ਵਿਚ ਲਹੀਏ।

ਤੇਜ਼ ਹਨੇਰੀ ਉੱਡ ਜਾਵਾਂਗੇ,
ਕੱਠੇ ਹੋ ਕੇ ਇਕ ਥਾਂ ਬਹੀਏ।

ਰੂਹ ਦੀ ਪਿਆਸ ਮਿਟਾਵਣ ਖਾਤਰ ਪੁੱਠੇ ਖੂਹ ਨਹੀਂ ਗੇੜੀਦੇ।
ਵਗਦੀ ਨੈਂ 'ਚੋਂ ਪਾਣੀ ਪੀਂਦੇ ਮਿਰਗ ਕਦੇ ਨਹੀਂ ਛੇੜੀਦੇ।

ਯਾਦਾਂ ਦਾ ਇਕ ਝੁਰਮਟ ਤੈਨੂੰ ਘੇਰੂ ਸੁੱਤਿਆਂ ਜਾਗਦਿਆਂ,
ਮਹਿਮਾਨਾਂ ਤੋਂ ਡਰ ਕੇ ਐਵੇਂ ਘਰ ਦੇ ਦਰ ਨਹੀਂ ਭੇੜੀਦੇ।

ਗਮਲੇ ਵਿਚੋਂ ਨਿਕਲੀ ਜੜ੍ਹ ਨੇ ਇਹ ਮਾਲੀ ਨੂੰ ਆਪ ਕਿਹਾ,
ਬੇਕਦਰਾਂ ਦੇ ਪੱਕੇ ਵਿਹੜੇ ਅੰਦਰ ਫੁੱਲ ਨਹੀਂ ਖੇੜੀਦੇ।

ਉਹ ਤਾਂ ਦਿਲ ਵਿਚ ਸੋਚ ਤੁਰੀ ਸੀ ਪਾਰ ਲੰਘਾਊਂ ਰਾਹੀਆਂ ਨੂੰ,
ਸਣੇ ਮਲਾਹਾਂ ਡੁੱਬ ਗਏ ਸੁਫ਼ਨੇ ਅੱਧ ਵਿਚਾਲੇ ਬੇੜੀ ਦੇ।

ਤੂੰ ਤਾਂ ਏਸ ਚੌਰਾਹੇ ਦੇ ਵਿਚ ਬੰਨ੍ਹ ਪੰਚਾਇਤਾਂ ਬੈਠ ਗਿਐਂ,
ਮਨ ਦੇ ਰੌਲੇ ਭੀੜ 'ਚ ਬਹਿ ਕੇ ਏਦਾਂ ਨਹੀਂ ਨਿਬੇੜੀਦੇ।

ਦੁੱਖ ਤੇ ਸੁਖ ਦੇ ਦੋਵੇਂ ਪਹੀਏ ਕੱਠੇ ਹੋ ਕੇ ਰਿੜ੍ਹਦੇ ਨੇ,
ਸੁਖ ਸੁਖ ਤੇਰਾ ਦੁੱਖ ਦੁੱਖ ਮੇਰਾ ਏਦਾਂ ਨਹੀਂ ਨਿਖੇੜੀਦੇ।

ਧਰਤੀ ਉੱਪਰ ਲੀਕਾਂ ਵਾਹ ਕੇ ਦੱਸ ਨਫ਼ਾ ਕੀ ਖੱਟਿਆ ਹੈ,
ਇਕੋ ਮਾਂ ਦੇ ਜੰਮੇ ਜਾਏ ਐਦਾਂ ਨਹੀਂ ਤਰੇੜੀਦੇ।



ਅੱਖਾਂ ਵਿੱਚੋਂ ਨੀਂਦਰਾਂ ਤੇ ਖ਼੍ਵਾਬ ਰੁੱਸ 'ਗੇ ਨੇ।
ਮਨ ਦੇ ਬਗੀਚੇ 'ਚੋਂ ਗੁਲਾਬ ਰੁੱਸ 'ਗੇ ਨੇ।

ਕਿੱਥੇ ਗਈਆਂ ਰੌਣਕਾਂ ਨਾ ਮੈਥੋਂ ਪੁੱਛੋ ਲੋਕੋ,
ਜਾਣਦੇ ਨਹੀਂ ਮੇਰੇ ਤਾਂ ਜਨਾਬ ਰੁੱਸ 'ਗੇ ਨੇ।

ਫੇਰ ਕਦੋਂ ਆਵੇਂਗਾ ਇਹ ਪੁੱਛਦਾ ਹੈ ਪਿੰਡ,
ਸ਼ਹਿਰ ਵਿਚ ਰਹਿੰਦਿਆਂ ਜਵਾਬ ਰੁਸ 'ਗੇ ਨੇ।

ਰਾਵੀ ਤੇ ਬਿਆਸ ਮੈਨੂੰ ਵਾਰ ਵਾਰ ਪੁੱਛੇ,
ਕਿਹੜੀ ਗੱਲੋਂ ਦੋਵੇਂ ਹੀ ਪੰਜਾਬ ਰੁੱਸ 'ਗੇ ਨੇ।

ਪੱਛਮੀ ਸੰਗੀਤ ਦੇ ਤੰਬੂਰਿਆਂ ਤੋਂ ਸਹਿਮੇ,
ਤੂੰਬੀ ਵਾਲੀ ਤਾਰ ਤੇ ਰਬਾਬ ਰੁੱਸ 'ਗੇ ਨੇ।

ਮੰਨਿਆ ਹਕੂਮਤਾਂ ਦਾ ਆਪੋ ਵਿਚ ਵੈਰ,
ਤੇਰੇ ਕਾਹਤੋਂ ਵੀਰਨਾ ਆਦਾਬ ਰੁੱਸ 'ਗੇ ਨੇ।

ਵੰਝਲੀ ਨੂੰ ਪੁੱਛ ਮੀਆਂ ਰਾਂਝਿਆ, ਭਰਾਵਾ,
ਕਿਹੜੀ ਗੱਲੋਂ ਜੇਹਲਮ ਚਨਾਬ ਰੁੱਸ 'ਗੇ ਨੇ।

ਪੱਤਝੜ ਮਗਰੋਂ ਕੋਮਲ ਪੱਤਿਆਂ ਆਉਂਦੇ ਰਹਿਣਾ ਹੈ।
ਭਰੇਂ ਹੁੰਗਾਰਾ ਜਾਂ ਨਾਂਹ ਮੈਂ ਤਾਂ ਗਾਉਂਦੇ ਰਹਿਣਾ ਹੈ।

ਪੰਛੀਆਂ ਦੀ ਇਕ ਡਾਰ ਦੋਮੇਲ ਨੂੰ ਛੋਹ ਕੇ ਗੁਜ਼ਰ ਗਈ,
ਮੈਂ ਵੀ ਮਗਰੇ ਅੰਬਰੀਂ ਤਾਰੀਆਂ ਲਾਉਂਦੇ ਰਹਿਣਾ ਹੈ।

ਪਥਰੀਲੀ ਦੀਵਾਰ ਹੁੰਗਾਰਾ ਭਰਨਾ ਨਹੀਂ ਭਾਵੇਂ,
ਮੈਂ ਤਾਂ ਇਸਨੂੰ ਆਪਣੀ ਬਾਤ ਸੁਣਾਉਂਦੇ ਰਹਿਣਾ ਹੈ।

ਚੁੱਪ ਦਾ ਜੰਦਰਾ ਤੋੜੇਂ ਜਾਂ ਨਾ ਤੋੜੇਂ ਮੌਜ ਤੇਰੀ,
ਹਰ ਮੌਸਮ ਵਿਚ ਤੇਰਾ ਦਰ ਖੜਕਾਉਂਦੇ ਰਹਿਣਾ ਹੈ।

ਕੱਲ ਮੁਕੱਲੇ ਰੁੱਖ ਦੀ ਹੋਂਦ ਕਬੂਲ ਨਹੀਂ ਮੈਨੂੰ,
ਜੰਗਲ ਨੂੰ ਮੈਂ ਆਪਣਾ ਗੀਤ ਸੁਣਾਉਂਦੇ ਰਹਿਣਾ ਹੈ।

ਤੇਰੇ ਦਿੱਤੇ ਦੁੱਖ ਦਾ ਮੈਂ ਸਨਮਾਨ ਕਰਾਂਗਾ ਇੰਞ,
ਸੂਲੀ ਉੱਤੇ ਚੜ੍ਹ ਕੇ ਵੀ ਮੁਸਕਾਉਂਦੇ ਰਹਿਣਾ ਹੈ।

ਮੈਂ ਕਿਸ ਖ਼ਾਤਰ ਚੋਗ ਚੁਗਾਵਾਂ ਉੱਡਣ ਹਾਰੇ ਨੂੰ,
ਜਿਸ ਨੇ ਮੇਰੀ ਜਿੰਦ ਨੂੰ ਰੋਜ਼ ਸਤਾਉਂਦੇ ਰਹਿਣਾ ਹੈ।



ਬੜ੍ਹਕਾਂ ਤੋਂ ਜੇ ਡਰ ਜਾਓਗੇ।
ਚੁੱਪ ਚੁਪੀਤੇ ਮਰ ਜਾਓਗੇ।

ਆਲ੍ਹਣਿਆਂ ਵਿਚ ਬੋਟ ਉਡੀਕਣ,
ਕਿਹੜੇ ਵੇਲੇ ਘਰ ਜਾਓਗੇ।

ਸਿਦਕ-ਸਬੂਰੀ ਜੇ ਹੈ ਪੱਲੇ,
ਦਿਲ ਦਰਿਆ ਨੂੰ ਤਰ ਜਾਓਗੇ।

ਕੱਠੀਆਂ ਕਰੋ ਭਰਾਵੋ ਬਾਹਵਾਂ,
'ਕੱਲੇ 'ਕੱਲੇ ਹਰ ਜਾਓਗੇ।

ਇਸ ਬਰਸਾਤ 'ਚ ਨੰਗੇ ਧੜ ਤਾਂ,
ਲੂਣ ਵਰਗਿਓ ਖਰ ਜਾਓਗੇ।

ਨਹੀਂ ਚੰਨ ਤਾਂ ਤੁਸੀਂ ਜੁਗਨੂੰਓਂ,
ਕੁਝ ਤਾਂ ਚਾਨਣ ਕਰ ਜਾਓਗੇ।

ਮਿਲੂ ਆਸਥਾ ਜ਼ਖ਼ਮੀ ਹੋਈ,
ਜੇਕਰ ਅੰਬਰਸਰ ਜਾਓਗੇ।

✪

ਹੱਸ ਨਾ ਸਕੀਏ ਰੋ ਨਾ ਹੋਵੇ।
ਕੱਲ੍ਹਿਆਂ ਹੋਰ ਖਲੋ ਨਾ ਹੋਵੇ।

ਮਨ ਦਾ ਸ਼ੀਸ਼ਾ ਮੈਲ ਕੁਚੈਲਾ,
ਚਾਹੀਏ ਵੀ ਪਰ ਧੋ ਨਾ ਹੋਵੇ।

ਧਰਤ ਹਵਾ ਤੇ ਪਾਣੀ ਗੰਧਲੇ,
ਇਸ ਤੋਂ ਵੱਧ ਧਰੋਹ ਨਾ ਹੋਵੇ।

ਅੱਥਰੂਆਂ ਦੇ ਪਾਣੀ ਤੋਂ ਬਿਨ,
ਦਾਗ਼ ਪਾਪ ਦਾ ਧੋ ਨਾ ਹੋਵੇ।

ਉਹਨਾਂ ਨੂੰ ਮੈਂ ਫੁੱਲ ਨਹੀਂ ਮੰਨਦਾ,
ਜਿਨ੍ਹਾਂ ਵਿਚ ਖੁਸ਼ਬੋ ਨਾ ਹੋਵੇ।

ਫੁੱਲ ਤਾਂ ਮੇਰਾ ਪੁੱਤਰ ਮੈਥੋਂ,
ਸੂਈ ਵਿਚ ਪਰੋ ਨਾ ਹੋਵੇ।



✪

ਸੁਪਨਿਆਂ ਦੀ ਨੈ ਝਨਾਂ ਨੂੰ ਤਰਦਿਆਂ।
ਉਮਰ ਬੀਤੀ ਹੈ ਰੋਜ਼ਾਨਾ ਮਰਦਿਆਂ।

ਉੱਠ ਕੇ ਵੇਖੋ ਤੇ ਦੱਸੋ ਕੌਣ ਹੈ,
ਮਰ ਗਏ ਜਿਸ ਦੇ ਤਸੀਹੇ ਜਰਦਿਆਂ।

ਤੂੰ ਲੁਕਾ ਬੇਸ਼ੱਕ ਮੈਨੂੰ ਹੈ ਪਤਾ,
ਦੱਸ ਦਿੱਤਾ ਸੱਚ ਇਨ੍ਹਾਂ ਪਰਦਿਆਂ।

ਕੌਣ ਤੈਨੂੰ ਮਾਰ ਸਕਦੈ ਸੋਹਣੀਏ,
ਆਖਿਆ ਕੱਚੇ ਘੜੇ ਨੇ ਖਰਦਿਆਂ।

ਤੇਰੇ ਪੱਲੇ ਅੱਖਰਾਂ ਬਿਨ ਹੋਰ ਕੀਹ,
ਪੁੱਛਿਆ ਕਈ ਵਾਰ ਮੈਨੂੰ ਘਰ ਦਿਆਂ।

ਮੇਰੇ ਕਿਹੜੇ ਕੰਮ ਆਈ ਸਾਦਗੀ,
ਜੀਅ ਕਰੇ ਇਹ ਪੰਡ ਏਥੇ ਧਰ ਦਿਆਂ।

ਲੰਘ ਜਾਊ ਰਾਤ ਵੀ ਇਹ ਦੋਸਤੋ,
ਤਾਰਿਆਂ ਦੇ ਨਾਲ ਗੱਲਾਂ ਕਰਦਿਆਂ।

ਤੇਰੇ ਪੱਲੇ ਕੀ ਬਚੇਗਾ ਦੱਸ ਫਿਰ,
ਮਰ ਗਈ ਗ਼ੈਰਤ ਜੇ ਪਾਣੀ ਭਰਦਿਆਂ।

ਜ਼ਿੰਦਗੀ ਕਿਸ ਦੋਸ਼ ਬਦਲੇ ਦੇ ਗਈ ਐਸੀ ਸਜ਼ਾ।
ਪਹਿਲਾਂ ’ਵਾ ਨੇ ਟਾਹਣ ਤੋੜੇ ਫਿਰ ਜੜ੍ਹਾਂ ਤੋਂ ਪੁੱਟਿਆ।

ਮੇਰੀ ਮਾਂ ਭੁੱਲਦੀ ਨਹੀਂ ਅੱਧੀ ਸਦੀ ਪਹਿਲਾਂ ਦੀ ਬਾਤ,
ਇਕ ਛੰਨਾ ਪੋਣੇ ਬੱਧੀ ਰੋਟੀ ਕੁੱਤਾ ਲੈ ਗਿਆ।

ਕਸਰ ਤੂੰ ਛੱਡੀ ਨਾ ਕੋਈ ਅੱਗ ਲਾ ਕੇ ਐ ਹਵਾ,
ਫੇਰ ਵੀ ਤੂੰ ਵੇਖ ਕਿੱਦਾਂ ਝੂਮਦਾ ਜੰਗਲ ਹਰਾ।

ਸਿਰ ਦੀ ਚੁੰਨੀ ਲਾਸ਼ ਪੁੱਤਰ ਦੀ ਤੇ ਪਾ ਅੱਗੇ ਤੁਰੀ,
ਏਸ ਤੋਂ ਵਧ ਕੇ ਭਲਾ ਹੋਵੇਗੀ ਕਿਹੜੀ ਕਰਬਲਾ।

ਜਿਸ ਨੂੰ ਤੂੰ ਆਖੇਂ ਅਜ਼ਾਦੀ ਲੱਭ ਲੈ ਕਿੱਧਰ ਗਈ,
ਉਹ ਤਾਂ ਸੀ ਇਕ ਖ਼੍ਵਾਬ ਰਾਤੀਂ ਆਇਆ ਆ ਕੇ ਤੁਰ ਗਿਆ।

ਰੰਗ ਬਦਲੇ, ਪਰ ਕਿਸੇ ਨਾ ਢੰਗ ਬਦਲੇ ਨਾ ਵਿਧਾਨ,
ਕੁਰਸੀਆਂ ਤੇ ਕਾਲਾ ਧਨ ਚਿਹਰਾ ਬਦਲ ਕੇ ਬਹਿ ਗਿਆ।

ਬੰਦਿਆਂ ’ਤੇ ਰੋਕ ਸਰਹੱਦ ਤਾਰ ਕੰਡਿਆਲੀ ਖੜ੍ਹੀ,
ਕੌਣ ਡੱਕ ਸਕਦੈ ਭਲਾ ਦੱਸ ਹਾਉਕਿਆਂ ਦਾ ਕਾਫ਼ਲਾ।



ਬੁੱਕਲ ਵਿਚ ਸਮੋ ਲਿਆ ਭਾਵੇਂ ਮੈਂ ਸਾਰਾ ਬ੍ਰਹਿਮੰਡ ਓ ਯਾਰ।
ਤੇਰੀ ਇਕ ਗਲਵੱਕੜੀ ਬਾਝੋਂ ਨਹੀਓਂ ਪੈਂਦੀ ਠੰਡ ਓ ਯਾਰ।

ਮੇਰੇ ਮਨ ਤੋਂ ਭਾਰ ਤੂੰ ਲਾਹ ਕੇ ਕੁਝ ਪਲ ਮੇਰੇ ਕੋਲ ਖਲੋ,
ਕੱਲੇ ਤੋਂ ਨਹੀਂ ਚੁੱਕੀ ਜਾਂਦੀ ਇਕਲਾਪੇ ਦੀ ਪੰਡ ਓ ਯਾਰ।

ਤੂੰ ਤੁਰ ਜਾਵੇਂ ਕੌੜ ਕੁਸੈਲੀਆਂ ਯਾਦਾਂ ਖ਼ੌਰੂ ਪਾਉਂਦੀਆਂ ਨੇ,
ਤੂੰ ਮਿਲ ਜਾਵੇਂ ਤਾਂ ਸਾਹਾਂ ਵਿਚ ਘੁਲ ਜਾਂਦੀ ਹੈ ਖੰਡ ਓ ਯਾਰ।

ਘੁੱਗੀਆਂ ਮੋਰ ਦਸੂਤੀ ਚਾਦਰ ਉਤੇ ਬੈਠੇ ਆਖ ਰਹੇ,
ਤਰਸ ਤਰਸ ਕੇ ਤੇਰੀ ਛੋਹ ਨੂੰ ਐਵੇਂ ਚੱਲੇ ਹੰਢ ਓ ਯਾਰ।

ਉੱਜਲੇ ਤਨ ਵਿਚ ਮਨ ਦਾ ਮੈਲਾ ਸ਼ੀਸ਼ਾ ਮੈਨੂੰ ਕਹਿੰਦਾ ਹੈ,
ਜਾਂ ਤਾਂ ਮੈਨੂੰ ਟੋਟੇ ਕਰ ਦੇ ਜਾਂ ਨਾ ਐਵੇਂ ਭੰਡ ਓ ਯਾਰ।

ਕੰਧ ਓਹਲੇ ਪ੍ਰਦੇਸ ਭਰਾਓ ਏਸ ਤਰ੍ਹਾਂ ਹੀ ਬਣ ਜਾਵੇ,
ਹੌਲੀ ਹੌਲੀ ਬੱਝਦੀ ਹੈ ਜਦ ਮਨ ਦੇ ਅੰਦਰ ਗੰਢ ਓ ਯਾਰ।

ਇਕੋ ਮਾਂ ਦੀ ਛਾਤੀ ਚੁੰਘਦੇ ਵੀਰਾਂ ਦੇ ਵਿਚਕਾਰ ਲਕੀਰ,
ਮਾਂ ਦੀ ਮਮਤਾ ਫ਼ੀਤਾ ਫੜ ਕੇ ਏਸ ਤਰ੍ਹਾਂ ਨਾ ਵੰਡ ਓ ਯਾਰ।

✪

ਕਰਦਾ ਜੇ ਤੂੰ ਫੁੱਲਾਂ ਨਾਲ ਪਿਆਰ ਕਦੇ।
ਚੰਗੇ ਨਹੀਂ ਸੀ ਲੱਗਣੇ ਇਹ ਹਥਿਆਰ ਕਦੇ।

ਬਲਦੀ ਕੇਵਲ ਮਿੱਟੀ ਹੈ ਜਾਂ ਲੱਕੜੀਆਂ,
ਮੜ੍ਹੀਆਂ ਅੰਦਰ ਸੜਦੇ ਨਹੀਂ ਵਿਚਾਰ ਕਦੇ।

ਸਰਮਾਏ ਦੇ ਜੰਗਲ ਵਿਚ ਗੁਆਚ ਗਏ,
ਦਾਅਵੇਦਾਰ ਉਮਰ ਦੇ ਸੀ ਜੋ ਯਾਰ ਕਦੇ।

ਪੁਸਤਕ ਦੇ ਪੰਨਿਆਂ ਵਿਚ ਰੱਖ ਕੇ ਮਾਰੀ ਜੋ,
ਉਸ ਤਿਤਲੀ ਦਾ ਰੂਹ ਤੇ ਪੈਂਦੈ ਭਾਰ ਕਦੇ।

ਆਰੀ ਵਾਲੇ ਬਾਗ਼ ਦੁਆਲੇ ਫਿਰਦੇ ਨੇ,
ਚੌਂਕੀਦਾਰਾ ਏਧਰ ਫੇਰਾ ਮਾਰ ਕਦੇ।

ਇਹ ਤਾਂ ਮਨ ਦੇ ਰਉਂ 'ਤੇ ਨਿਰਭਰ ਕਰਦਾ ਹੈ,
ਹਰ ਵਾਰੀ ਨਹੀਂ ਹੁੰਦੇ ਦੋ ਦੋ ਚਾਰ ਕਦੇ।

ਜੀਅ ਤਾਂ ਚਾਹੁੰਦੈ ਮੈਂ ਵੀ ਉਹਦੇ ਨਾਲ ਉਡਾਂ,
ਅੰਬਰ ਵਿਚ ਜਦ ਵੇਖਾਂ ਉੱਡਦੀ ਡਾਰ ਕਦੇ।



✪

ਖ਼ਬਰੇ ਕਿਹੜੇ ਗ਼ਮ ਨੇ ਖਾਧੇ ਸਾਵੇ ਪੱਤਰ ਰੁੱਖਾਂ ਦੇ।
ਨਕਸ਼ ਨੁਹਾਰ ਇਨ੍ਹਾਂ ਦੀ ਮਿਲਦੀ ਨਾਲ ਬੀਮਾਰ ਮਨੁੱਖਾਂ ਦੇ।

ਤੂੰ ਕਿਤਿਉਂ ਵੀ ਚੂਲੀ ਭਰ ਲੈ ਹਰ ਥਾਂ ਖਾਰਾ ਪਾਣੀ ਹੈ,
ਖ਼ੂਨ ਪਸੀਨਾ ਅੱਥਰੂ ਬਣ 'ਗੇ ਦਰਦ ਸਮੁੰਦਰ ਦੁੱਖਾਂ ਦੇ।

ਹਰੇ ਕਚੂਰ ਦਰਖ਼ਤਾਂ ਵਲ ਤੂੰ ਵੇਖੀਂ ਤੇ ਇਹ ਸਮਝ ਲਈਂ,
ਪੱਤਝੜ ਮਗਰੋਂ ਲਗਰਾਂ ਫੁੱਟਣ ਦੁੱਖ ਮਗਰੋਂ ਦਿਨ ਸੁੱਖਾਂ ਦੇ।

ਰੱਜੇ ਪੁੱਜੇ ਲੋਕੀਂ ਰੋ ਰੋ ਹੋਰ ਦੌਲਤਾਂ ਮੰਗਦੇ ਨੇ,
ਰੁੱਖੀ ਮਿੱਸੀ ਖਾ ਸੌਂ ਜਾਂਦੇ ਲਾਡ ਲਡਾਏ ਭੁੱਖਾਂ ਦੇ।

ਦੋਧੇ ਵਸਤਰ ਉੱਜਲੇ ਚਿਹਰੇ ਬਗਲੇ ਵਾਂਗ ਅਡੋਲ ਖੜ੍ਹੇ,
ਵੇਖ ਪਛਾਣ ਲਵੀਂ ਤੂੰ ਆਪੇ ਮੂੰਹ ਨਕਲੀ ਗੁਰਮੁੱਖਾਂ ਦੇ।

ਜਾਇਦਾਦ ਅਣਦਿਸਦਾ ਕੀੜਾ ਸਾਂਝਾਂ ਤਾਰੋ ਤਾਰ ਕਰੇ,
ਖਾਂਦਾ ਖਾਂਦਾ ਖਾ ਖਾਂਦਾ ਹੈ ਸੁੱਚੇ ਰਿਸ਼ਤੇ ਕੁੱਖਾਂ ਦੇ।

ਚੌਵੀ ਘੰਟੇ ਜਿਨ੍ਹਾਂ ਨੂੰ ਬੱਸ ਅਪਣਾ ਹਿਤ ਹੀ ਯਾਦ ਰਹੇ,
ਬਹੁਤਾ ਮੱਥੇ ਲੱਗਿਆ ਨਾ ਕਰ ਏਹੋ ਜਿਹੇ ਮਨਮੁੱਖਾਂ ਦੇ।

✪

ਕਦੇ ਸੁਪਨੇ ਵਿਚ ਕਦੇ ਜਾਗਦਿਆਂ ਸਾਨੂੰ ਸਰਪ ਦੋਮੂੰਹੇਂ ਡੰਗਦੇ ਰਹੇ।
ਅਸੀਂ ਫਿਰ ਵੀ ਐਸੇ ਸੱਜਣਾਂ ਲਈ ਸਦਾ ਨੇਕ ਦੁਆ ਹੀ ਮੰਗਦੇ ਰਹੇ।

ਮੈਂ ਸ਼ੁਕਰਗੁਜ਼ਾਰ ਹਾਂ ਉਹਨਾਂ ਦਾ ਤੇ ਧੰਨਵਾਦੀ ਹਾਂ ਏਸ ਲਈ,
ਜੋ ਹਰ ਯੁਗ ਅੰਦਰ ਲੱਭ ਲੱਭ ਕੇ ਮੈਨੂੰ ਹੀ ਸੂਲੀ ਟੰਗਦੇ ਰਹੇ।

ਕਈ ਸਦੀਆਂ ਮਗਰੋਂ ਅੱਜ ਵੀ ਤਾਂ ਹੀਰਾਂ ਤੇ ਸੱਸੀਆਂ ਤੜਪਦੀਆਂ,
ਓਵੇਂ ਹੀ ਕੈਦੋ ਚਾਲਬਾਜ਼ ਤੇ ਟੇਢੇ ਰਸਤੇ ਝੰਗ ਦੇ ਰਹੇ।

ਕਹਿਰਾਂ ਦੀ ਤਪਸ਼ ਪਿਆਸ ਬੜੀ ਤੇ ਤੜਫ਼ ਰਹੇ ਸਭ ਜੀਵ ਜੰਤ,
ਉਹ ਗਾਉਂਦੇ ਰਹੇ ਮਲਹਾਰ ਰਾਗ ਅਸੀਂ ਪਾਣੀ ਪਾਣੀ ਮੰਗਦੇ ਰਹੇ।

ਹੱਕ ਸੱਚ ਦੇ ਰਸਤੇ ਤੁਰਨਾ ਹੈ ਕੀ ਡਰ ਹੈ ਸੂਲ ਸਲੀਬਾਂ ਦਾ,
ਸਾਡੇ ਵੱਡ-ਵਡੇਰੇ ਅਜ਼ਲਾਂ ਤੋਂ ਹਨ ਏਸੇ ਰਾਹ ਤੋਂ ਲੰਘਦੇ ਰਹੇ।

ਇਹ ਚੋਰੀ ਡਾਕੇ ਹੱਕਾਂ ਤੇ ਕੋਈ ਐਵੇਂ ਤਾਂ ਨਹੀਂ ਮਾਰ ਰਿਹਾ,
ਬਦਨੀਤੀ ਚੌਂਕੀਦਾਰਾਂ ਦੀ ਜੋ ਝੂਠੀ ਮੂਠੀ ਖੰਘਦੇ ਰਹੇ।

ਜਦ 'ਵਾਜ਼ ਹੈ ਮਾਰੀ ਧਰਤੀ ਨੇ ਅਸੀਂ ਪਹੁੰਚ ਗਏ ਹਾਂ ਉਸੇ ਘੜੀ,
ਇਹ ਤਨ ਦਾ ਚੋਲਾ ਹਰ ਵਾਰੀ ਅਸੀਂ ਅਪਣੇ ਲਹੂ ਵਿਚ ਰੰਗਦੇ ਰਹੇ।

ਇਹ ਚਾਰ ਦੀਵਾਰੀ ਨਸਲਾਂ ਦੀ ਤੇ ਧਰਮ ਦੀ ਵਲਗਣ, ਤੋਬਾ ਹੈ,
ਲੋਕਾਂ ਨੂੰ ਕਹੀਏ ਤੋੜ ਦਿਉ ਪਰ ਅਪਣੀ ਵਾਰੀ ਸੰਗਦੇ ਰਹੇ।



✪

ਪੌਣ ਜਿਵੇਂ ਤਿਰਹਾਈ ਹੋਵੇ।
ਪਾਣੀ ਪੀਵਣ ਆਈ ਹੋਵੇ।

ਅੰਬਰੀਂ ਲਿਸ਼ਕੀ ਬਿਜਲੀ ਜੀਕੂੰ,
ਸਾਡੇ ਤੇ ਮੁਸਕਾਈ ਹੋਵੇ।

ਤੂੰ ਜਦ ਅੱਖਾਂ ਫੇਰ ਲਵੇਂ ਤਾਂ,
ਸਾਰੀ ਧਰਤ ਪਰਾਈ ਹੋਵੇ।

ਕਾਲੀ ਰਾਤ ਲਿਸ਼ਕਦੇ ਤਾਰੇ,
ਤੂੰ ਜਿਓਂ ਮਾਂਗ ਸਜਾਈ ਹੋਵੇ।

ਹੌਕੇ ਦਾ ਦੁੱਖ ਓਹੀ ਜਾਣੇ,
ਜਿਸ ਇਹ ਜੂਨ ਹੰਢਾਈ ਹੋਵੇ।

ਜੀਵਨ ਐਸੀ ਉਮਰ ਕੈਦ ਹੈ,
ਮਰਨੋਂ ਬਾਦ ਰਿਹਾਈ ਹੋਵੇ।

ਰੋਜ਼ ਉਡੀਕਾਂ ਤੇਰੀ ਚਿੱਠੀ,
ਪਹੁੰਚੇ ਤਾਂ ਜੇ ਪਾਈ ਹੋਵੇ।

ਤੇਰੇ ਨਾਲ ਬਿਤਾਏ ਪਲ ਜਿਉਂ,
ਅੰਬਰੀਂ ਪੀਂਘ ਚੜ੍ਹਾਈ ਹੋਵੇ।

✪

ਸਿੱਧੇ ਰਾਹੀਂ ਤੁਰੇ ਜਾਂਦਿਆਂ, ਇਹ ਕੀ ਭਾਣਾ ਵਾਪਰਿਆ।
ਮਨ ਦਾ ਪੰਛੀ ਉਡਦਾ ਉਡਦਾ, ਬਲਦੇ ਰੁੱਖ 'ਤੇ ਬੈਠ ਗਿਆ।

ਖਿੜੇ ਗੁਲਾਬ ਤ੍ਰੇਲ ਦੇ ਮੋਤੀ ਪੱਤੀਆਂ ਵੀ ਸਭ ਨਕਲੀ ਨੇ,
ਖ਼ੁਸ਼ਬੂ ਨਾ ਲੱਭ ਮਰਤਬਾਨ ਦੀਆਂ ਮੱਛੀਆਂ ਮੈਨੂੰ ਆਪ ਕਿਹਾ।

ਤਪਦੇ ਮਾਰੂਥਲ ਵਿਚ ਜੰਤ ਪਰਿੰਦੇ ਤੜਫਣ ਪਾਣੀ ਨੂੰ,
ਯਾਤਰੂਆ ਤੂੰ ਮੋਢੇ ਟੰਗੀ, ਬੋਤਲ ਨੂੰ ਵੀ ਖੋਲ੍ਹ ਜ਼ਰਾ।

ਚੜ੍ਹਦਾ ਦਿਨ ਤੇ ਡੁੱਬਦਾ ਸੂਰਜ ਸ਼ਾਮ ਸਵੇਰਾਂ ਵਕਤ ਗਵਾਹ,
ਨੇਰ੍ਹੇ ਦੀ ਬੁੱਕਲ 'ਚੋਂ ਨਿਕਲੇ ਨੇਰ੍ਹੇ ਦੇ ਘਰ ਫੇਰ ਗਿਆ।

ਆਪਣੇ ਮਨ ਦਾ ਵਿਹੜਾ ਜੇ ਤੂੰ ਰੌਸ਼ਨ ਕਰਨਾ ਚਾਹੁੰਦਾ ਏਂ,
ਤਨ ਦੇ ਦੀਵੇ ਅੰਦਰ ਬੱਤੀ ਚੇਤਨਤਾ ਦੀ ਤੁਰਤ ਜਗਾ।

ਇਨ੍ਹਾਂ ਤੋਂ ਮੈਂ ਲਵਾਂ ਰਵਾਨੀ ਜੀਵਨ ਤੋਰ ਨਿਰੰਤਰ ਸੇਧ,
ਮੇਰੇ ਲਈ ਤਾਂ ਦੋਵੇਂ ਰੱਬ ਨੇ ਜਗਦਾ ਦੀਵਾ ਤੇ ਦਰਿਆ।



✪

ਦਿਲ ਹੋਇਆ ਛਾਲੇ ਛਾਲੇ ਸੁੱਜੇ ਅੱਖੀਆਂ ਦੇ ਕੋਏ।
ਜਿਹੜੀ ਮੇਰੇ ਨਾਲ ਹੋਈ ਵੈਰੀ ਨਾਲ ਵੀ ਨਾ ਹੋਏ।

ਜਿੰਨ੍ਹਾਂ ਸੱਜਣਾਂ ਤੇ ਮੈਨੂੰ ਤਾਂ ਸੀ ਹੱਦੋਂ ਵੱਧ ਮਾਣ,
ਉਨ੍ਹਾਂ ਸਾਰਿਆਂ ਤੋਂ ਵੱਧ ਮੇਰੀ ਕੀਤੀ ਤੋਏ ਤੋਏ।

ਭੁੱਲੇ ਕੌਲ ਤੇ ਕਰਾਰ ਜਿਹੜੇ ਕੀਤੇ ਬਾਰ ਬਾਰ,
ਨੀਲੇ ਅੰਬਰਾਂ ਦੀ ਛਾਵੇਂ ਸੁੱਚੀ ਚਾਨਣੀ ਦੀ ਲੋਏ।

ਹਰ ਪੱਤੇ ਬੂਟੇ ਕਾਹੀ ਤੁਰੀ ਫਿਰੇ ਬੇਵਿਸਾਹੀ,
ਕਿਤੇ ਬੰਦਿਆਂ ਦੇ ਭੇਸ ਵਿਚ ਅੱਗ ਹੀ ਨਾ ਹੋਏ।

ਜਿੰਨ੍ਹਾਂ ਫੁੱਲਾਂ ਨੂੰ ਮੈਂ ਪਾਲਿਆ ਸੀ ਬੜੇ ਚਾਵਾਂ ਨਾਲ,
ਵਣਜਾਰਿਆਂ ਨੇ ਤੋੜ ਸਾਰੇ ਸੂਈ 'ਚ ਪਰੋਏ।

ਵੇਖ ਮੌਤ ਦਾ ਸਮਾਨ ਸਹਿਮੀ 'ਕੱਲੀ 'ਕਾਰੀ ਜਾਨ,
ਕਿਤੇ ਧਰਤੀ ਤੇ ਮੇਰੀ ਰਾਤ ਆਖ਼ਰੀ ਨਾ ਹੋਏ।

ਤੇਰੇ ਦਿਲ ਦੀਆਂ ਗੱਲਾਂ ਬਿਨਾਂ ਕਹੇ ਬੁੱਝ ਲਈਆਂ,
ਅੱਜ ਪਹਿਲੀ ਵਾਰ ਆਪਾਂ ਗਲੇ ਲੱਗ ਕੇ ਨਾ ਰੋਏ।

ਤੇਰੇ ਹੱਥ ਵਿਚ ਤੀਰ ਤੇ ਕਮਾਨ ਮੇਰੀ ਜਾਨ,
ਚੱਲ ਮਾਰ ਤੂੰ ਨਿਸ਼ਾਨਾ ਗੱਲ ਇਕ ਪਾਸੇ ਹੋਏ।

ਰਾਤੀਂ ਸੁਪਨੇ 'ਚ ਮੇਰੇ ਨਾਲ ਹਾਦਸਾ ਕੀ ਹੋਇਆ।
ਅੱਖੋਂ ਅੱਥਰੂ ਨਾ ਵਗੇ ਤੇ ਮੈਂ ਬੁੱਕ ਬੁੱਕ ਰੋਇਆ।

ਜਿਵੇਂ ਸੂਲਾਂ 'ਚ ਪਰੁੱਚ ਜਾਣ ਤਿਤਲੀ ਦੇ ਪਰ,
ਕੁਝ ਕਿਸੇ ਤਰ੍ਹਾਂ ਮੇਰੀਆਂ ਉਮੀਦਾਂ ਨਾਲ ਹੋਇਆ।

ਜਦੋਂ ਸਿਰ ਉੱਤੇ ਆਈ ਤੇਜ਼ ਬਲਦੀ ਦੁਪਹਿਰ,
ਮੇਰਾ ਅਪਣਾ ਹੀ ਸਾਇਆ ਸਾਥ ਛੱਡ ਕੇ ਖਲੋਇਆ।

ਸੁੱਕੇ ਰੁੱਖ ਤੇ ਕਰੂੰਬਲਾਂ ਅਜੀਬ ਜਿਹਾ ਮੇਲ,
ਹੋਊ ਇਨ੍ਹਾਂ ਨੂੰ ਪਿਆਰ ਨਾਲ ਸੱਜਣਾਂ ਨੇ ਛੋਹਿਆ।

ਕੱਲੇ ਰੁੱਖ ਕੋਲੋਂ ਲੰਘਦੀ ਮਖ਼ੌਲ ਕਰ ਪੌਣ,
ਕਿਨੂੰ ਦੁੱਖੜਾ ਸੁਣਾਵੇ ਜਿਹੜਾ ਦਿਲ 'ਚ ਸਮੋਇਆ।

ਭਾਵੇਂ ਰੇਤ ਵਿਚ ਭੁੰਨ ਭਾਵੇਂ ਕੋਲਿਆਂ ਤੇ ਰੱਖ,
ਤੇਰਾ ਇਹੀ ਧੰਨਵਾਦ ਜਿਹੜਾ ਸੀਖ 'ਚ ਪਰੋਇਆ।

ਚਲੋ ਬਾਕੀ ਤਾਂ ਸੀ ਸਾਰਾ ਹੀ ਬੇਗਾਨਿਆਂ ਦਾ ਸ਼ਹਿਰ,
ਤੂੰ ਵੀ ਮੇਰੇ ਵੱਲ ਵੇਖ ਕੇ ਪਟੱਕ ਬੂਹਾ ਢੋਇਆ।

ਜਿਵੇਂ ਸਿਖ਼ਰ ਦੁਪਹਿਰੇ ਪੈ ਜੇ ਚਾਣਚੱਕ ਰਾਤ,
ਤੇਰੇ ਜਾਣ ਪਿੱਛੋਂ ਸੱਚ ਜਾਣੀਂ ਏਸੇ ਤਰ੍ਹਾਂ ਹੋਇਆ।



'ਵਾਜ ਦਿਆਂਗਾ ਆਖੀਂ ਹਾਂ।
ਹੁਣ ਨਾ ਆਪਾਂ ਵੰਡਣੀ ਛਾਂ।

ਮੇਰੇ ਨਾਲ ਨਾ ਬੋਲੇਂ ਤੂੰ,
ਤੇਰੀ ਮੇਰੀ ਇਕੋ ਮਾਂ।

ਤਿੜਕ ਗਿਆ ਪਰਛਾਵਾਂ ਵੀ,
ਇਹ ਮੈਂ ਕਿੱਥੇ ਪਹੁੰਚ ਗਿਆਂ।

ਮੇਰੇ ਆਲ ਦੁਆਲੇ ਦੇਖ,
ਮੈਂ ਤਾਂ ਕੇਵਲ ਬਿੰਦੂ ਹਾਂ।

ਮੇਰੇ ਤੇ ਅਸਵਾਰ ਸਮਾਂ,
ਉਹਦੇ ਤੋਰਿਆਂ ਤੁਰਦਾ ਹਾਂ।

ਸਭਨਾਂ ਦੀ ਔਕਾਤ ਹੈ ਇਕ,
ਭਾਵੇਂ ਰੰਗ ਬਰੰਗੇ ਕਾਂ।

ਮੈਨੂੰ ਖਿੜਦੇ ਫੁੱਲ ਕਿਹਾ,
ਵੇਖ ਮੈਂ ਤੇਰਾ ਬਚਪਨ ਹਾਂ।

ਉਡਣ ਖਟੋਲਾ ਦੂਰ ਗਿਆ,
ਮੈਂ ਤਾਂ ਉਸ ਦੀ ਘੂਕਰ ਹਾਂ।

✪

ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ ਦੇ।
ਮਾਣ ਕਰੋ ਨਾ ਐਵੇਂ ਤੇਗਾਂ ਤੀਰਾਂ ਦੇ।

ਸੁਰਖ਼ ਗੁਲਾਬ ਵੀ ਉੱਗ ਸਕਦਾ ਹੈ ਬੰਜਰ ਵਿਚ,
ਤਕਦੀਰਾਂ ਵੀ ਵੱਸ ਵਿਚ ਨੇ ਤਦਬੀਰਾਂ ਦੇ।

ਸਾਬਤ ਕੱਪੜਾ ਵਸਤਰ ਬਣਦਾ ਕਿਸੇ ਲਈ,
ਕਿਸੇ ਲਈ ਨੇ ਕੱਜਣ ਟੋਟੇ ਲੀਰਾਂ ਦੇ।

ਪਾਰਦਰਸ਼ਨੀ ਰਿਸ਼ਤੇ ਨਿਭਦੇ ਉਮਰਾਂ ਤੀਕ,
ਓਹਲਾ ਚੋਰੀ ਵਾਧੂ ਭਾਰ ਜ਼ਮੀਰਾਂ ਦੇ।

ਗੁੜ ਦੇ ਚੌਲ ਨਿਆਜ਼ ਖਾਣ ਨੂੰ ਤਰਸੇ ਹਾਂ,
ਸਾਡੇ ਪਿੰਡ 'ਚੋਂ ਢਹਿ ਗਏ ਤਕੀਏ ਪੀਰਾਂ ਦੇ।

ਮੱਝੀਆਂ ਦੀ ਥਾਂ ਮਾਪਿਆਂ ਨੂੰ ਅੱਜ ਚਾਰ ਰਹੇ,
ਫਿਰਦੇ ਵੱਗ ਅਵਾਰਾ ਰਾਂਝੇ ਹੀਰਾਂ ਦੇ।

ਔੜਾਂ ਵਿਚ ਵੀ ਸੂਹੇ ਫੁੱਲ ਮੁਸਕਾਉਂਦੇ ਨੇ,
ਮੈਂ ਬਲਿਹਾਰੇ ਜਾਵਾਂ ਜੰਡ ਕਰੀਰਾਂ ਦੇ।



✪

ਬੈਚੇਨੀ ਵਿਚ ਤੜਫ਼ਦੇ ਰਾਤਾਂ ਬਹੁਤ ਗੁਜ਼ਾਰੀਆਂ।
ਤਾਂ ਹੀ ਮੱਥੇ ਚੀਸ ਹੈ, ਅੱਖਾਂ ਵੀ ਨੇ ਭਾਰੀਆਂ।

ਪੁੱਠੀ ਸੋਚ ਜਹਾਨ ਦੀ ਦੁਸ਼ਮਣ ਬਣ ਗਈ ਜਾਨ ਦੀ,
ਬਿਰਖ਼ ਵਿਚਾਰਾ ਕੀ ਕਰੇ ਜਣੇ ਖਣੇ ਹੱਥ ਆਰੀਆਂ।

ਪਾਣੀ ਚੜ੍ਹਿਆ ਵੇਖ ਕੇ ਪਿੱਛੇ ਮੁੜ ਗਏ ਕਾਫ਼ਲੇ,
ਛੱਡ ਗਏ ਕੱਲ-ਮੁਕੱਲਿਆਂ ਖੁਰੀਆਂ ਦਾਅਵੇ ਦਾਰੀਆਂ।

ਅੱਧੀ ਸਦੀ ਗੁਜ਼ਾਰ ਕੇ ਏਥੇ ਪਹੁੰਚੇ ਹਾਰ ਕੇ,
ਚੰਗੇ ਰਹਿੰਦੇ ਅਸੀਂ ਵੀ ਸਿੱਖਦੇ ਦੁਨੀਆਂ ਦਾਰੀਆਂ।

ਲੁਕਦਾ ਫਿਰਦਾਂ ਵੇਖ ਲਉ ਹੁਣ ਮੈਂ ਅਪਣੇ ਆਪ ਤੋਂ,
ਤਨ ਤੇ ਮਨ ਵਿਚ ਫ਼ਾਸਲੇ ਕੇਹੀਆਂ ਬੇਇਤਬਾਰੀਆਂ।

ਸੋਗ 'ਚ ਡੁੱਬੀ ਪੌਣ ਹੈ ਜਾਂ ਫਿਰ ਖਬਰੇ ਕੌਣ ਹੈ,
ਅੱਧੀ ਰਾਤੀਂ ਖੜਕਦੇ ਮਨ ਦੇ ਬੂਹੇ ਬਾਰੀਆਂ।

ਖ਼ਬਰੇ ਕਿੱਸਰਾਂ ਡੰਗਿਆ ਪਾਣੀ ਵੀ ਨਾ ਮੰਗਿਆ,
ਖਾਧਾ ਸਾਲਮ ਆਦਮੀ ਨਜ਼ਰਾਂ ਟੂਣੇ ਹਾਰੀਆਂ।

ਭਟਕਣ ਪੱਲੇ ਪਾ ਬੈਠੇਂਗਾ ਨਾ ਛੂਹੀਂ ਪਰਛਾਵੇਂ।
ਕੌਣ ਦੁਪਹਿਰਾ ਕੱਟ ਸਕਦਾ ਹੈ ਕਲਪ ਬਿਰਖ ਦੀ ਛਾਵੇਂ।

ਇਸ ਨੂੰ ਵੇਖ ਉਦਾਸ ਨਹੀਂ ਹੈ ਜੂਨ ਮਹੀਨੇ ਕੇਸੂ,
ਸੂਹੇ ਸੂਰਜ ਹਰ ਟਾਹਣੀ ਤੇ ਪੱਤਰ ਟਾਵੇਂ ਟਾਵੇਂ।

ਐਨਕ ਲਾਹ ਕੇ ਵੇਖ ਉਦਾਸੀ ਧੂੜ ਲਪੇਟੇ ਸ਼ੀਸ਼ੇ,
ਟੋਏ ਟਿੱਬੇ ਸਾਰਾ ਰਸਤਾ ਕਿੱਧਰ ਤੁਰਿਆ ਜਾਵੇ।

ਮੈਂ ਤੇਰੇ ਤੋਂ ਕੁਝ ਨਹੀਂ ਮੰਗਦਾ ਠੀਕਰੀਆਂ ਨਾ ਲੀਰਾਂ,
ਕਰ ਅਰਦਾਸ ਉਮਰ ਭਰ ਤੁਰੀਏ ਇਕ ਦੂਜੇ ਦੀ ਛਾਵੇਂ।

ਮਨ ਦਾ ਵਿਹੜਾ ਹੱਸ ਹੱਸ ਪੈਂਦਾ ਖਿੜੇ ਚੰਬੇਲੀ ਸਾਹੀਂ,
ਸੂਰਜ ਵਾਂਗੂੰ ਨੇਰ੍ਹ ਚੀਰ ਕੇ ਤੂੰ ਜਦ ਝਾਤੀ ਪਾਵੇਂ।

ਅੱਖੀਆਂ ਅੱਗੇ ਤਾਰੇ ਜਗਦੇ ਬੁਝਦੇ ਸਿਖ਼ਰ ਦੁਪਹਿਰੇ,
ਏਨੀ ਵੱਡੀ ਧਰਤੀ 'ਤੇ ਜਦ ਤੂੰ ਨਜ਼ਰੀਂ ਨਾ ਆਵੇਂ।



ਮੀਂਹ ਨੇਰ੍ਹੀ ਨੇ ਮੂੱਧੇ ਕੀਤੇ ਗੜ੍ਹੇਮਾਰ ਨੇ ਭੰਨੇ।
ਫੁੱਲਾਂ ਖ਼ਾਤਰ ਲਾਏ ਸੀ ਜੋ ਬੂਟੇ ਵੰਨ-ਸੁਵੰਨੇ।

ਚਾਰ ਚੁਫੇਰੇ ਜੀਭਾਂ ਬੋਲਣ ਕੰਨ ਪਾੜਵਾਂ ਰੌਲਾ,
ਕੰਨਾਂ ਦੇ ਵਿਚ ਰੂੰ ਦੇ ਫੰਬੇ ਕਿਹੜਾ ਕਿਸ ਦੀ ਮੰਨੇ।

ਹਰ ਗ਼ਮਲੇ ਵਿਚ ਪੰਜ ਛੇ ਬੂਟੇ ਮੱਕੀ ਤੇ ਕੁਝ ਛੋਲੇ,
ਪੱਕੇ ਫ਼ਰਸ਼ ਉਗਾਵਾਂ ਕਿੱਥੇ ਸੁਪਨੇ ਵੰਨ ਸੁਵੰਨੇ।

ਕੰਕਰੀਟ ਦੇ ਪਿੰਜਰੇ ਅੰਦਰ ਚੂਰੀ ਰੰਗ ਬਰੰਗੀ,
ਖਾਂਦੇ ਖਾਂਦੇ ਲੜ ਪੈਂਦੇ ਨੇ ਕੈਦੀ ਅਕਲੋਂ ਅੰਨ੍ਹੇ।

ਕੌਣ ਕਰੇ ਮਹਿਮਾਨ ਨਿਵਾਜ਼ੀ ਪਿੰਡ ਗਿਆਂ ਤੇ ਸਾਡੀ,
ਦੋਧੀ ਲੈ ਗਏ ਦੁੱਧ ਨਗਰ ਨੂੰ ਮਿੱਲਾਂ ਵਾਲੇ ਗੰਨੇ।

✪

ਉੱਚੇ ਪਰਬਤ ਉੱਤੇ ਸਬਜ਼ ਦਿਆਰ ਖੜ੍ਹੇ।
ਵਰਦੀ ਪਾ ਕੇ ਜੀਕੂੰ ਪਹਿਰੇਦਾਰ ਖੜ੍ਹੇ।

ਰਿਸ਼ੀਆਂ ਵਾਂਗ ਅਡੋਲ ਅਬੋਲ ਪਤਾ ਨ੍ਹੀਂ ਕਿਉਂ,
ਵਰ੍ਹਿਆਂ ਤੋਂ ਨੇ ਇਕੋ ਲੱਤ ਦੇ ਭਾਰ ਖੜ੍ਹੇ।

ਸਰਦ ਹਵਾ ਦਾ ਚੋਲਾ ਛਤਰੀ ਸੂਰਜ ਦੀ,
ਬਰਫ਼ਾਂ ਖਾਣੇ ਅੱਗ ਦੀ ਬੁੱਕਲ ਮਾਰ ਖੜ੍ਹੇ।

ਮੈਂ ਇੰਨ੍ਹਾਂ ਵਿਚ ਓਪਰਿਆਂ ਦੇ ਵਾਂਗੂ ਹਾਂ,
ਇਹ ਤਾਂ ਸਾਰੇ ਆਪਸ ਦੇ ਵਿਚ ਯਾਰ ਖੜ੍ਹੇ।

ਜ਼ਾਤ ਜਨਮ ਤੇ ਅਸਲ ਨਸਲ ਦਾ ਭੇਦ ਨਹੀਂ,
ਪੌਣ ਆਹਾਰੀ ਜੋਗੀ ਕੁੱਲ ਸੰਸਾਰ ਖੜ੍ਹੇ।

ਗੁੱਲੀ ਡੰਡਾ ਪਲੰਘ ਪੰਘੂੜਾ ਬਣ ਜਾਂਦੇ,
ਆਰੀ ਵਾਲਾ ਜੇ ਕਿਧਰੇ ਦਾਅ ਮਾਰ ਖੜ੍ਹੇ।



✪

ਜਦੋਂ ਸੂਰਜ ਅਜੇ ਧਰਤੀ ਦੇ ਘਰ ਆਇਆ ਨਹੀਂ ਹੁੰਦਾ।
ਕਿਸੇ ਵੀ ਰੁੱਖ ਪੱਲੇ ਆਪਣਾ ਸਾਇਆ ਨਹੀਂ ਹੁੰਦਾ।

ਵਗੇ ਤੂਫ਼ਾਨ, ਨੇਰ੍ਹੀ ਤੇਜ਼ ਬਾਰਿਸ਼ ਕਿਣਮਿਣੀ ਭਾਵੇਂ,
ਕਦੇ ਮਜ਼ਲੂਮ ਦੀ ਰੱਤ ਅੱਥਰੂ ਜ਼ਾਇਆ ਨਹੀਂ ਹੁੰਦਾ।

ਇਨ੍ਹਾਂ ਨੂੰ ਕੌਣ ਸਾਂਭੇ ਇਹ ਤਾਂ ਸਭ ਟੁੱਟੇ ਖਿਡੌਣੇ ਨੇ,
ਜਿੰਨ੍ਹਾਂ ਨੇ ਧਰਤ ਉੱਪਰ ਪੂਰਨਾ ਪਾਇਆ ਨਹੀਂ ਹੁੰਦਾ।

ਅਜਿਹੇ ਲੋਕ ਅਪਣੀ ਅੱਗ ਦੇ ਅੰਦਰ ਸੜਦੇ ਰਹਿੰਦੇ ਨੇ,
ਜਿਨ੍ਹਾਂ ਨੇ ਉਮਰ ਭਰ ਇੱਕ ਰੁੱਖ ਵੀ ਲਾਇਆ ਨਹੀਂ ਹੁੰਦਾ।

ਮੈਂ ਉਸਦੇ ਨਾਮ ਦੀ ਮਾਲਾ ਪਤਾ ਨ੍ਹੀਂ ਫੇਰਦਾ ਕਿਉਂ ਹਾਂ,
ਕਿ ਜਿਹੜਾ ਖ਼੍ਵਾਬ ਦੇ ਵਿਚ ਵੀ ਕਦੇ ਆਇਆ ਨਹੀਂ ਹੁੰਦਾ।

ਇਹ ਕੈਸਾ ਸ਼ਹਿਰ ਜਿਸ ਵਿਚ ਸਭ ਦੀਆਂ ਨੇ ਐਸੀਆਂ ਅੱਖਾਂ,
ਜਿਨ੍ਹਾਂ ਵਿਚ ਅੱਥਰੂ ਕੋਈ ਕਦੇ ਆਇਆ ਨਹੀਂ ਹੁੰਦਾ।

ਹਮਕਦਮ ਹੋਇਆ ਮੈਂ ਕਾਹਦਾ ਦੋ ਕੁ ਪਲ ਖ਼ੁਸ਼ਬੂ ਦੇ ਨਾਲ।
ਉਮਰ ਭਰ ਰਹਿਣੀ ਹੈ ਹੁਣ ਤਾਂ ਨਰਗਸੀ ਫੁੱਲਾਂ ਦੀ ਭਾਲ।

ਮੈਂ ਸਧਾਰਨ ਆਦਮੀ ਹਾਂ ਤੇ ਹਾਂ ਆਇਆਂ ਪਿੰਡ ਤੋਂ,
ਸ਼ਹਿਰੀਆਂ ਦੇ ਵਾਂਗ ਨਾ ਜਾਣਾਂ ਮੈਂ ਬੁਣਨੇ ਸ਼ਬਦ-ਜਾਲ।

ਪਾਰਦਰਸ਼ੀ ਰਿਸ਼ਤਿਆਂ ਵਿਚ ਸ਼ਕਤੀਆਂ ਹੋਵਣ ਅਸੀਮ,
ਤੋੜ ਦੇਵੇ ਏਸ ਨੂੰ ਜੋ ਹੈ ਭਲਾ ਕਿਸ ਦੀ ਮਜਾਲ।

ਤੂੰ ਤਾਂ ਬੱਸ ਏਨਾ ਕਿਹਾ ਸੀ ਲੱਭ ਦੇਹ ਚੌਦਾਂ ਰਤਨ,
ਇਹ ਤਾਂ ਮੇਰਾ ਝੱਲ ਸੀ ਦਿੱਤੇ ਜਿੰਨੇ ਸਾਗਰ ਹੰਗਾਲ।

ਧਰਤ ਅੰਬਰ ਚੰਨ ਸੂਰਜ ਫ਼ੋਲ ਕੇ ਫੁੱਲਿਆ ਫਿਰੇਂ,
ਏਸ ਤੋਂ ਵੱਖਰੇ ਪਏ ਨੇ ਅਣਕਹੇ ਲੱਖਾਂ ਸੁਆਲ।

ਮੈਂ ਜਦੋਂ ਵੀ ਪਿੰਡ ਜਾਣੋਂ ਹਟ ਗਿਆ ਤਾਂ ਸਮਝਣਾ,
ਚੌਖਟੇ ਵਿਚ ਬੰਦ ਬੈਠਾ ਹੈ ਕੋਈ ਰੂਹ ਦਾ ਕੰਗ਼ਾਲ।

ਸੁਰਖ਼ ਫੁੱਲਾਂ ਨਾਲ ਭਰ ਜਾਏਗੀ ਇਕ ਦਿਨ ਵੇਖਣਾ,
ਮੈਂ ਹੁਣੇ ਜੋ ਲਾ ਕੇ ਹਟਿਆਂ ਸੁਪਨਿਆਂ ਦੀ ਸਬਜ਼ ਡਾਲ।



ਰੋਕੋ ਵਗਣੋਂ ਇਸ ਧਰਤੀ ਤੋਂ ਤਲਖ਼ ਹਵਾਵਾਂ ਨੂੰ।
ਭੁੱਲ ਨਾ ਜਾਵੇ ਜਾਚ ਵਗਣ ਦੀ ਪੰਜ ਦਰਿਆਵਾਂ ਨੂੰ।

ਵਰ੍ਹਦੀ ਅੱਗ ਦਾ ਮੌਸਮ ਅੰਬਰੀਂ ਪੌਣ ਪਰਿੰਦੇ ਵੀ,
ਖੰਭਾਂ ਵਿਚ ਲੁਕਾ ਬੈਠ ਨੇ ਅੱਥਰੇ ਚਾਵਾਂ ਨੂੰ।

ਤਪਦੀ ਧਰਤੀ ਸਵਾਂਤ ਬੂੰਦ ਨੂੰ ਤਰਸ ਰਹੀ ਚਿਰ ਤੋਂ,
ਕਿਥੋਂ ਮੋੜ ਲਿਆਵਾਂ ਮੈਂ ਘਨਘੋਰ ਘਟਾਵਾਂ ਨੂੰ।

ਵੈਣ ਕੀਰਨੇ ਅੱਥਰੂ ਸਾਡੇ ਪਿੰਡ ਮਹਿਮਾਨ ਬਣੇ,
ਛਾਂਗ ਲਿਆ ਮੌਸਮ ਨੇ ਸਿਰ ਤੋਂ ਠੰਢੀਆਂ ਛਾਵਾਂ ਨੂੰ।

ਸ਼ਹਿਰ ਦੀਆਂ ਸੜਕਾਂ ਤੇ ਤੁਰਦਾ ਤੁਰਦਾ ਭੁਰ ਚਲਿਆਂ,
ਜਦ ਤੋਂ ਛੱਡਿਆ ਪਗਡੰਡੀਆਂ ਤੇ ਕੱਚਿਆਂ ਰਾਹਵਾਂ ਨੂੰ।

ਸ਼ਹਿਰ ਸਮੁੰਦਰ ਦੇ ਵਿਚ ਖਾਰਾ ਪਾਣੀ ਬਹੁਤ ਖੜ੍ਹਾ,
ਚੂਲੀ ਖ਼ਾਤਰ ਜਾਣਾ ਪੈਂਦਾ ਪਿੰਡਾਂ ਥਾਵਾਂ ਨੂੰ।

ਆਪਣੀ ਮਿੱਟੀ ਨਾਲੋਂ ਟੁੱਟ ਕੇ ਧੂੜ 'ਚ ਭਟਕ ਰਿਹਾਂ,
ਕਿੱਸਰਾਂ ਦੋਸ਼ ਦਿਆਂ ਮੈਂ ਹੁਣ ਕੰਬਖ਼ਤ ਹਵਾਵਾਂ ਨੂੰ।

ਧੂੰਏ ਵਿਚ ਗੁਆਚ ਗਿਆ ਹੈ ਨੀਲਾ ਅੰਬਰ।
ਕਿੱਦਾਂ ਜੀਵਾਂਗਾ ਮੈਂ ਪੀ ਕੇ ਤਲਖ਼ ਸਮੁੰਦਰ।

ਧਰਤੀ ਉੱਪਰ ਡੁੱਬਦਾ ਟੇਢਾ ਸੂਰਜ ਵੇਖੋ,
ਮਾਂ ਦੀ ਹਿੱਕ ਤੇ ਖੋਭ ਰਿਹਾ ਏ ਸੂਹਾ ਖੰਜਰ।

ਤਪਦੀ ਧਰਤੀ ਛਾਲੇ ਛਾਲੇ ਮਨ ਦਾ ਵਿਹੜਾ,
ਦੱਸੋ ਏਥੇ ਕਿੱਸਰਾਂ ਆ ਕੇ ਛਣਕੇ ਝਾਂਜਰ।

ਸੁਰਖ਼ ਲਹੂ ਨੂੰ ਪੀ ਕੇ ਪੱਤੇ ਸੂਹੇ ਹੋਏ,
ਬਲਦਾ ਕੇਸੂ ਪਹਿਨ ਖੜ੍ਹਾ ਹੈ ਅੱਗ ਦੇ ਬਸਤਰ।

ਉੱਲੂ ਨੂੰ ਇਲਜ਼ਾਮ ਜ਼ਮਾਨਾ ਐਵੇਂ ਦੇਵੇ,
ਬਦਨੀਤਾਂ ਨੇ ਵਸਦਾ ਸ਼ਹਿਰ ਬਣਾਇਆ ਖੰਡਰ।

ਗਾਨੀ ਵਾਲੇ ਤੋਤੇ ਉਹ ਦੁਹਰਾਈ ਜਾਵਣ,
ਜੋ ਕੁਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ।



ਜਿਨ੍ਹਾਂ ਨੂੰ ਮੈਂ ਚੋਗ ਚੁਗਾਏ ਤਲੀਆਂ ਉੱਤੇ,
ਉਨ੍ਹਾਂ ਤੋਂ ਹੀ ਠੂੰਗੇ ਖਾਧੇ ਨੇ ਮੈਂ ਅਕਸਰ।

ਮੈਂ ਚੰਗਾ ਜਾਂ ਮਾੜਾ ਮੈਥੋਂ ਕੁਝ ਨਾ ਪੁੱਛੋ,
ਆਲ ਦੁਆਲਾ ਦੱਸ ਦੇਵੇਗਾ ਮੈਥੋਂ ਬਿਹਤਰ।

ਸਾਵਧਾਨ ਜੀ ਚਿਕਨੇ ਚਿਹਰੇ ਤੇ ਖੁਸ਼ਬੋਈਆਂ,
ਲਿਸ਼ ਲਿਸ਼ਕੰਦੜੇ ਚਿਹਰੇ ਧੋਖਾ ਦੇਂਦੇ ਅਕਸਰ।

ਏਸ ਦੇਸ਼ ਨੂੰ ਕਿਸ਼ਤਾਂ ਦੇ ਵਿਚ ਵੇਚ ਦੇਣਗੇ,
ਨਿੱਕੀਆਂ ਸੋਚਾਂ ਵਾਲੇ ਵੱਡੇ ਵੱਡੇ ਰਹਿਬਰ।

ਇੱਕੋ ਈਸਟ ਇੰਡੀਆ ਨੇ ਕੀ ਚੰਨ ਚੜ੍ਹਾਏ,
ਹੁਣ ਤਾਂ ਆਪ ਬੁਲਾਏ ਵੰਨ-ਸੁਵੰਨੇ ਤਾਜਰ।

ਮੈਂ ਹਕੂਮਤ ਨੂੰ ਕਹਾਂਗਾ ਬੇਘਰਾਂ ਨੂੰ ਘਰ ਦਿਓ।
ਨੀਵੀਆਂ ਥਾਵਾਂ ਨੂੰ ਉਚੀਆਂ ਦੇ ਬਰਾਬਰ ਕਰ ਦਿਓ।

ਏਸ ਉੱਚੀ ਕੰਧ ਦੇ ਉਸ ਪਾਰ ਹੈ ਸੂਰਜ ਦਾ ਵਾਸ,
ਢਾਹ ਦਿਉ ਧੁੱਪ ਵਾਸਤੇ ਦੀਵਾਰ ਪਾਲੇ ਠਰਦਿਓ।

ਏਸ ਨੇ ਸਿੱਟੇ ਜੇ ਖਾਧੇ ਦਾਣੇ ਕਿੱਥੋਂ ਆਉਣਗੇ,
ਡਾਂਗ ਮਾਰੋ ਬਾਹਰ ਕੱਢੋ, ਸਾਨ੍ਹ ਕੋਲੋਂ ਡਰਦਿਓ।

ਸਿਦਕ ਇਸ ਤੋਂ ਬਾਅਦ ਕਿਧਰੇ ਨਾ ਬਣੇ ਆਦਮ ਜਹੀ,
ਜਾਬਰਾਂ ਨੂੰ ਭਾਂਜ ਦੋਵੇ, ਜਬਰ ਪਿੰਡ ਜਰਦਿਓ।

ਜੋ ਵੀ ਕਰਨਾ ਹੈ, ਕਰੋ ਅੱਜ ਹੀ, ਹੁਣੇ ਹੀ ਦੋਸਤੋ,
ਵਕਤ ਨਾ ਕਰਦਾ ਉਡੀਕਾਂ ਕਦਮ ਅੱਗੇ ਧਰ ਦਿਓ।

ਨਾ ਸਹੀ, ਜੇ ਕਦਰਦਾਨੀ, ਰੌਸ਼ਨੀ ਦੀ ਸ਼ਹਿਰ ਵਿਚ,
ਨ੍ਹੇਰੀਆਂ ਗਲੀਆਂ 'ਚ ਜਗ ਕੇ ਪਿੰਡ ਰੌਸ਼ਨ ਧਰ ਦਿਓ।

ਵੇਖਿਆ ਕਿੰਞ ਉਲਝਿਆ ਹੈ ਧਰਤ ਦਾ ਸਾਰਾ ਨਿਜ਼ਾਮ,
ਹੇ ਰਵੀ, ਹੇ ਚੰਦਰਮਾ, ਹੇ ਤਾਰਿਓ ਅੰਬਰ ਦਿਓ।



ਮੈਂ ਪੌਣ ਬੈਰਾਗਣ ਹਾਂ ਬਾਹਾਂ ਵਿਚ ਭਰ ਮੈਨੂੰ।
ਵਗਦੀ ਹਾਂ ਅਗਨ ਨਦੀ ਇੱਕ ਵਾਰੀ ਤਰ ਮੈਨੂੰ।

ਸੱਤ ਸੁਰ ਜਾਗਣਗੇ ਸਾਹਾਂ ਦੀ ਵੰਝਲੀ 'ਚੋਂ,
ਪਥਰਾਏ ਹੋਠਾਂ 'ਤੇ ਇਕ ਵਾਰੀ ਧਰ ਮੈਨੂੰ।

ਮੌਸਮ ਦੀ ਕਰੋਪੀ ਤੋਂ ਬਚ ਕੇ ਵੀ ਝੂਮ ਰਹੀ,
ਇੱਕ ਸੁੰਨੀ ਟਾਹਣੀ ਹਾਂ ਫੁੱਲਾਂ ਸੰਗ ਭਰ ਮੈਨੂੰ।

ਬਾਜ਼ਾਰੀ ਦੌਰ ਅੰਦਰ ਹਰ ਰੀਝ ਬਣੀ ਵਸਤੂ,
ਬਾਲਣ ਨਾ ਬਣ ਜਾਵਾਂ ਲੱਗਦਾ ਹੈ ਡਰ ਮੈਨੂੰ।

ਅਣਮਾਣੀ ਕਸਤੂਰੀ ਜਿਉਂ ਹਿਰਨ ਦੀ ਨਾਭੀ ਵਿਚ
ਆਪਣੇ ਵਿਚ ਘੋਲ ਜ਼ਰਾ ਸਾਹਾਂ ਵਿਚ ਭਰ ਮੈਨੂੰ।

ਇਕ ਰੀਝ ਅਧੂਰੀ ਹਾਂ ਅਣਗਾਏ ਗੀਤ ਜਹੀ,
ਤੇਰੇ ਹੱਥ ਤਾਰ ਮਿਰੀ ਸੁਰਤਾਲ 'ਚ ਕਰ ਮੈਨੂੰ।

ਉਮਰਾਂ ਦੀ ਤੜਪਣ ਜੋ ਸਭ ਤੇਰੇ ਅਰਪਣ ਹੈ,
ਮਿੱਟੀ ਦੀ ਕੀਹ ਮਰਜ਼ੀ ਜੋ ਚਾਹੇਂ ਕਰ ਮੈਨੂੰ।

ਤਪਦੇ ਹੋਏ ਆਵੇ ਵਿਚ ਲਾਟਾਂ ਦੇ ਕਲਾਵੇ ਵਿਚ,
ਕੋਈ ਨਰਮ ਕਰੂੰਬਲ ਹੈ, ਤੇਰਾ ਇੱਕ ਦਰ ਮੈਨੂੰ।

✪

ਵਗਦੇ ਪਾਣੀ ਅੰਦਰ ਇਹ ਜੋ ਕਲਵਲ ਹੈ।
ਇਹ ਹੀ ਤਾਂ ਦਰਿਆ ਦੇ ਦਿਲ ਦੀ ਹਲਚਲ ਹੈ।

ਤੇਰੇ ਮਗਰੋਂ ਸ਼ਹਿਰ ਉਦਾਸ ਇਕੱਲਾ ਨਹੀਂ,
ਮੇਰੀ ਅੱਖ ਦਾ ਅੱਥਰੂ ਇਸ ਵਿਚ ਸ਼ਾਮਲ ਹੈ।

ਰੰਗਲੀ ਚੂੜੀ ਟੁੱਟਣ ਵੇਲੇ ਰੋ ਪੈਂਦਾ,
ਜਿਸ ਨੂੰ ਕਹਿਣ ਸਿਆਣੇ ਇਹ ਤਾਂ ਪਾਗਲ ਹੈ।

ਸੰਕਟ ਵੇਲੇ ਗਿਰਗਿਟ ਰੰਗ ਵਟਾਉਂਦੀ ਹੈ,
ਪਰ ਇਹ ਦੁਨੀਆਂ ਰੰਗ ਵਟਾਉਂਦੀ ਹਰ ਪਲ ਹੈ।

ਮੇਰਾ ਹੀ ਘਰ ਢਾਹ ਕੇ ਮੈਨੂੰ ਪੁਛਦੇ ਹੋ,
ਰੋਈ ਜਾਨੈਂ, ਦੱਸ ਤੂੰ ਸਾਨੂੰ, ਕੀ ਗੱਲ ਹੈ?

ਜਿਹੜੀ ਥਾਂ ਤੇ ਰੀਝਾਂ ਨੇ ਦਮ ਤੋੜਦੀਆਂ,
ਉਸ ਤੋਂ ਵੱਖਰਾ ਦੱਸੋ ਕਿਹੜਾ ਮਕਤਲ ਹੈ।

ਜਿਹੜੀ ਥਾਂ ਤੇ ਝੁਕਦੇ ਹੋ, ਦਹਿਲੀਜ਼ਾਂ ਨੇ,
ਮੇਰੀ ਪੱਗ ਵਿਚ ਅੜੇ ਹਮੇਸ਼ਾ ਸਰਦਲ ਹੈ।